# ਗੁਰਬਾਣੀ ਉਪਮਾ

## ਸਤਿਸੰਗ

॥ ਸਲੋਕ ਮ: ੪ ॥ (ਅੰਗ 652)

**ਹਰਿ ਦਾਸਨ ਸਿਉ ਪ੍ਰੀਤਿ ਹੈ ਹਰਿ ਦਾਸਨ ਕੋ ਮਿਤੁ ॥**

ਹਰ ਦਫਾ ਗੁਰਬਾਣੀ ਦਾ ਯਸ਼ ਕਰਨ ਲੱਗਿਆਂ ਇਹੋ ਬੇਨਤੀ ਕਰੀਦੀ ਹੈ ਕਿ ਅਸੀਂ ਕੋਈ ਗੁਰੂ, ਪੀਰ, ਪੈਗੰਬਰ, ਔਲੀਏ, ਸਾਧੂ ਬਣ ਕੇ ਯਸ਼ ਨਹੀਂ ਕਰਦੇ ਬਲਕਿ ਹਜ਼ੂਰ ਦੀ ਬਾਣੀ ਦੇ ਕੂਕਰ-ਮਰਾਸੀ ਬਣ ਕੇ ਮਾਲਕ ਦਾ ਯਸ਼ ਕਰੀਦਾ ਹੈ ਅਤੇ ਹਰ ਵਕਤ ਇਹੋ ਬੇਨਤੀ ਕਰੀਦੀ ਹੈ ਸੱਚੇ ਪਾਤਿਸ਼ਾਹੋ ! ਜਿੰਨਾਂ ਚਿਰ ਇਸ ਤਨ ਅੰਦਰ ਸੁਆਸ ਹਨ ਕਿਰਪਾ ਕਰਕੇ ਇਸੇ ਹੀ ਤਰ੍ਹਾਂ ਆਪਣਾ ਯਸ਼ ਕਰਾਉਂਦੇ ਰਹਿਣਾ। ਦੂਸਰੀ ਬੇਨਤੀ, ਹਰ ਦਫਾ, ਆਈ ਸੰਗਤ ਅੱਗੇ ਕਰੀਦੀ ਹੈ ਕਿ ਦੁਨੀਆਂ ਉੱਤੇ ਕੋਈ ਦੇਹਧਾਰੀ ਗੁਰੂ ਨਹੀਂ ਹੈ। ਪੂਰਨ ਸੰਤਾਂ ਦੇ ਉਚਾਰਨ ਕੀਤੇ ਮਹਾਂਵਾਕ (ਗੁਰਬਾਣੀ) ਹੀ ਗੁਰੂ ਹੈ ਜਿਸ ਪ੍ਰਥਾਇ ਹਜ਼ੂਰ ਪੰਜਵੇਂ ਪਾਤਿਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪਣੇ ਸਤਿਗੁਰੂ, ਹਜ਼ੂਰ ਚੌਥੇ ਪਾਤਿਸ਼ਾਹ, ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ, ਸੋਢੀ ਸੁਲਤਾਨ ਦੇ ਉਚਾਰਨ ਕੀਤੇ ਮਹਾਂਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਦਰਜ ਕਰ ਕੇ ਇਹ ਨਿਰਨਾ ਹੀ ਕਰ ਦਿੱਤਾ ਹੈ ਕਿ

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥*
*(ਅੰਗ 982)*

ਜੋ ਪ੍ਰਾਣੀ ਗੁਰਬਾਣੀ ਦੇ ਬਚਨਾਂ ਨੂੰ ਸਤਿ ਕਰ ਕੇ ਮੰਨਦਾ ਹੈ, ਗੁਰਬਾਣੀ ਉਸਦਾ ਮਿਲਾਪ ਪਰਤੱਖ ਤਾਕਤ ਨਾਲ ਕਰਾ ਦਿੰਦੀ ਹੈ। ਪਰ ਇਸ ਭੇਦ ਦੀ ਪ੍ਰਾਪਤੀ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ?

ਜਦੋਂ ਅਸੀਂ ਖੁਦ ਪਾਠ ਕਰਦੇ ਹਾਂ ਜਾਂ ਪਾਠ, ਅਖੰਡਪਾਠ ਕਰਾਉਂਦੇ ਹਾਂ ਤਾਂ ਉਸ ਪਾਠ/ਅਖੰਡਪਾਠ ਦੇ ਭੋਗ ਉਪ੍ਰੰਤ ਜੋ ਗੁਰਵਾਕ (ਹੁਕਮਨਾਮਾ) ਆਉਂਦਾ ਹੈ ਉਹ ਸਾਡੇ ਲਈ ਗੁਰੂ ਦਾ ਹੁਕਮ ਹੁੰਦਾ ਹੈ। ਇਸ ਬਾਰੇ ਵੀ ਹਜ਼ੂਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਹਾਂਵਾਕ ਦਰਜ ਕਰ ਕੇ ਨਿਰਨਾ ਕੀਤਾ ਹੋਇਆ ਹੈ

*ਗੁਰ ਵਾਕੁ ਨਿਰਮਲੁ ਸਦਾ ਚਾਨਣੁ*
*ਨਿਤੁ ਸਾਚੁ ਤੀਰਥੁ ਮਜਨਾ ॥ (ਅੰਗ 687)*

ਕਿ ਸਹਿਜ ਅਵਸਥਾ ਵਿਚ ਆਇਆ ਹੁਕਮਨਾਮਾ ਸਾਰੀ ਕਾਇਨਾਤ ਵਾਸਤੇ ਚਾਨਣ ਮੁਨਾਰਾ ਹੁੰਦਾ ਹੈ ਅਤੇ ਸਾਡੇ ਕਰਮਾਂ ਦੀ ਮੈਲ ਸਾਫ਼ ਕਰਨ ਵਾਸਤੇ ਮੰਜਨ ਦਾ ਕੰਮ ਕਰਦਾ ਹੈ। ਇਸ ਲਈ ਸਾਨੂੰ ਆਪਣੀ ਰਹਿਣੀ ਉਸ ਹੁਕਮਨਾਮੇ ਅਨੁਸਾਰ ਬਣਾਉਣੀ ਚਾਹੀਦੀ ਹੈ।

ਐੱਸ.ਜੀ.ਐੱਲ. ਜਨ ਸੇਵਾ ਕੇਂਦਰ ਗੜ੍ਹਾ ਜਲੰਧਰ ਦੀ ਸੰਗਤ ਨੇ ਮਿਲ ਕੇ ਗੁਰੂ ਰਵਿਦਾਸ ਜੀ ਦਾ ਅਵਤਾਰ ਦਿਵਸ ਮਨਾਉਂਦਿਆਂ ਹੋਇਆਂ ਅਖੰਡ ਪਾਠ ਕਰਵਾਇਆ ਹੈ, ਜਿਸ ਦਾ ਅੱਜ ਭੋਗ ਪਾਇਆ ਗਿਆ ਹੈ। ਸਭ ਤੋਂ ਪਹਿਲਾਂ ਆਈ ਸੰਗਤ ਨੂੰ ਗੁਰੂ ਰਵਿਦਾਸ ਜੀ ਮਹਾਰਾਜ ਦੇ 634ਵੇਂ ਅਵਤਾਰ ਦਿਵਸ ਦੀ ਲੱਖ-ਲੱਖ ਵਧਾਈ ਹੋਵੇ। ਜਿਸ ਦਿਨ ਦੁਨੀਆਂ ਉੱਪਰ ਪੂਰਨ ਸੰਤ ਅਵਤਾਰ ਲੈਂਦੇ ਹਨ ਉਹ ਭਾਗਾਂ ਵਾਲੀ ਘੜੀ ਹੁੰਦੀ ਹੈ। ਸਾਰੀ ਸੰਗਤ ਨੂੰ ਗੁਰੂ ਰਵਿਦਾਸ ਜੀ ਮਹਾਰਾਜ ਦੇ 634ਵੇਂ ਅਵਤਾਰ ਦਿਵਸ ਦੀ ਲੱਖ-ਲੱਖ ਵਧਾਈ ਹੋਵੇ। ਹਜ਼ੂਰ ਖੁਸ਼ੀਆਂ ਖੇੜੇ ਬਖਸ਼ਣ, ਕ੍ਰਿਪਾ ਕਰਨ।

ਅੱਜ ਜੋ ਅਵਤਾਰ ਦਿਵਸ ਮਨਾਇਆ ਜਾ ਰਿਹਾ ਹੈ ਇਸ ਦੀ ਸ਼ੋਭਾ ਯਾਤਰਾ ਕੱਲ ਜਲੰਧਰ ਵਿੱਚ ਕੱਢੀ ਗਈ ਸੀ । ਜਦੋਂ ਗੁਰੂ ਰਵਿਦਾਸ ਜੀ ਸਿਮਰਨ ਕਰਦੇ ਸਨ ਤਦ ਉਹ ਭਗਵਾਨ ਖੁਦ ਆ ਕੇ ਕਹਿਣ ਲੱਗੇ ਪੁੱਤਰ! ਤੂੰ ਨੇਕ ਕਮਾਈ ਕਰਦਾ ਏਂ ਅਤੇ ਈਮਾਨਦਾਰੀ ਨਾਲ ਕੰਮ ਕਰਦਾ ਏਂ। ਅਸੀਂ ਤੈਨੂੰ ਪਾਰਸ ਦਿੰਦੇ ਹਾਂ। ਇਸ ਪਾਰਸ ਨੂੰ ਜਿਸ ਧਾਤ ਨਾਲ ਵੀ ਛੁਹਾਏਗਾ ਉਹ ਸੋਨਾ ਬਣ ਜਾਵੇਗੀ। ਇਸ ਤਰ੍ਹਾਂ ਤੂੰ ਪੈਸੇ ਕਮਾ ਕੇ ਆਪਣਾ ਕਾਰੋਬਾਰ ਸ਼ੁਰੂ ਕਰ। ਭਗਵਾਨ ਜਿੱਥੇ ਪਾਰਸ ਰੱਖ ਕੇ ਗਏ ਸੀ ਗੁਰੂ ਰਵਿਦਾਸ ਜੀ ਨੇ ਉੱਥੇ ਹੀ ਪਿਆ ਰਹਿਣ ਦਿੱਤਾ। ਭਗਵਾਨ ਫੇਰ ਆ ਕੇ ਪੁੱਛਣ ਲੱਗੇ ਕਿ ਰਵਿਦਾਸ! ਤੈਨੂੰ ਜੋ ਪਾਰਸ ਦਿੱਤਾ ਸੀ ਉਹ ਕਿੱਥੇ ਹੈ? ਉਹ ਕਹਿਣ ਲੱਗੇ ਭਗਵਾਨ! ਜਿੱਥੇ ਤੁਸੀਂ ਰੱਖਿਆ ਸੀ ਉਥੋਂ ਹੀ ਲੈ ਲਵੋ। ਫੇਰ ਭਗਵਾਨ ਨੇ ਸੋਨੇ ਦੀਆਂ ਅਸ਼ਰਫੀਆਂ ਸੁੱਟਣੀਆਂ ਸ਼ੁਰੂ ਕਰ ਦਿੱਤੀਆਂ। ਗੁਰੂ ਰਵਿਦਾਸ ਜੀ ਨੇ ਉਹ ਵੀ ਇੱਕ ਪਾਸੇ ਕਰ ਦੇਣੀਆਂ। ਅਖੀਰ ਤੇ ਭਗਵਾਨ

ਕਹਿਣ ਲੱਗੇ ਰਵਿਦਾਸ! ਫਲ੍ਹਾਣੇ ਬਾਦਸ਼ਾਹ ਦੇ ਘਰ ਪੁੱਤਰ ਨਹੀਂ ਹੈ। ਅਸੀਂ ਉਸ ਨੂੰ ਤੇਰੀ ਦੱਸ ਪਾਉਂਦੇ ਹਾਂ। ਪੁੱਤਰ ਅਸੀਂ ਬਖਸ਼ਣਾ ਹੈ ਤੇਰਾ ਬਹਾਨਾ ਹੀ ਹੋਣਾ ਹੈ। ਤੂੰ ਨਾਂਹ ਨਾ ਕਰੀਂ। ਤੂੰ ਉਸ ਲਈ ਬੇਨਤੀ ਕਰ ਦੇਵੀਂ ਕਿ ਮਾਲਿਕ ਤੈਨੂੰ ਪੁੱਤਰ ਬਖਸ਼ਣ। ਜਦੋਂ ਬਾਦਸ਼ਾਹ ਦੇ ਘਰ ਲੜਕਾ ਹੋਵੇਗਾ ਉਹ ਪੁੰਨ ਦਾਨ ਕਰੇਗਾ। ਉਦੋਂ ਤੂੰ ਆਪਣਾ ਸੋਹਣਾ ਘਰ-ਬਾਰ ਬਣਾ ਲਵੀਂ। ਸਭ ਕੁਝ ਇੰਝ ਹੀ ਹੋਇਆ। ਗੁਰੂ ਰਵਿਦਾਸ ਜੀ ਨੂੰ ਜੋ ਪੈਸਾ ਮਿਲਿਆ ਉਸ ਨਾਲ ਇੱਕ ਮੰਦਰ ਬਣਾ ਕੇ ਉਸ ਵਿਚ ਭਗਵਾਨ ਦੀਆਂ ਮੂਰਤੀਆਂ ਰੱਖ ਦਿੱਤੀਆਂ ਅਤੇ ਖੁਦ ਜਿੱਥੇ ਪਹਿਲਾਂ ਰਹਿੰਦੇ ਸੀ ਉੱਥੇ ਹੀ ਰਹਿਣ ਲੱਗ ਪਏ। ਇਸ ਗੱਲ ਦੀ ਬੜੀ ਚਰਚਾ ਹੋਈ ਕਿ ਗੁਰੂ ਰਵਿਦਾਸ ਜੀ ਛੋਟੀ ਜਾਤੀ ਦੇ ਹੋ ਕੇ ਭਗਵਾਨ ਦੀਆਂ ਮੂਰਤੀਆਂ ਰਖ ਕੇ ਪੂਜਾ ਕਿਉਂ ਕਰਦੇ ਹਨ। ਉਸ ਸਮੇਂ ਦੇ ਬਾਦਸ਼ਾਹ ਨੇ ਨਿਰਣਾ ਕਰਨ ਦੀ ਖਾਤਿਰ ਵੱਡੇ=ਵੱਡੇ ਪੰਡਿਤ, ਰਿਸ਼ੀ, ਮੁਨੀ ਸੱਦੇ ਅਤੇ ਗੁਰੂ ਰਵਿਦਾਸ ਜੀ ਨੂੰ ਵੀ ਬੁਲਾਇਆ। ਬਾਦਸ਼ਾਹ ਨੇ ਕਿਹਾ ਕਿ ਅਸੀਂ ਮੂਰਤੀਆਂ ਗੰਗਾ ਤੋਂ ਪਾਰ ਰੱਖ ਦਿੰਦੇ ਹਾਂ। ਜਿਸ ਦੇ ਮੰਤਰ ਪੜ੍ਹਨ ਨਾਲ ਜਾਂ ਪੂਜਾ ਅਰਚਾ ਕਰਨ ਨਾਲ ਮੂਰਤੀਆਂ ਗੰਗਾ ਤੋਂ ਇਸ ਪਾਰ ਆ ਜਾਣਗੀਆਂ ਉਹੋ ਹੀ ਸੱਚਾ ਭਗਤ ਹੋਵੇਗਾ, ਸੱਚਾ ਸੰਤ ਹੋਵੇਗਾ। ਪੰਡਿਤਾਂ ਨੇ ਬਹੁਤ ਮੰਤਰ ਪੜ੍ਹੇ ਪਰ ਗੱਲ ਨਹੀਂ ਬਣੀ। ਜਦੋਂ ਗੁਰੂ ਰਵਿਦਾਸ ਜੀ ਦੀ ਵਾਰੀ ਆਈ ਤਾਂ ਉਹਨਾਂ ਨੇ ਅਰਦਾਸ ਅਤੇ ਬੇਨਤੀ ਕੀਤੀ ਕਿ ਸੱਚੇ ਪਾਤਿਸ਼ਾਹੋ!

*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ*
*ਅਬ ਪਤੀਆਰੁ ਕਿਆ ਕੀਜੈ॥*
*ਬਚਨੀ ਤੋਰ ਮੋਰ ਮਨੁ ਮਾਨੈ*
*ਜਨ ਕਉ ਪੂਰਨੁ ਦੀਜੈ॥੧॥ (ਅੰਗ 694)*

ਮੇਰਾ ਵਰਗਾ ਦੀਨ ਕੋਈ ਨਹੀਂ ਹੈ ਅਤੇ ਤੁਹਾਡੇ ਵਰਗਾ ਦਿਆਲੂ ਕੋਈ ਨਹੀਂ ਹੈ। ਹੁਣ ਦੇਰੀ ਨਾ ਕਰਿਉ। ਹਜ਼ੂਰ ਮੈਂ ਬੇਨਤੀ ਕਰਦਾ ਹਾਂ ਮੇਰੇ ਉੱਪਰ ਕਿਰਪਾ ਕਰੋ। ਉਹ ਮੂਰਤੀਆਂ ਗੰਗਾ ਤੋਂ ਪਾਰ ਚੱਲ ਕੇ ਆਈਆਂ। ਤਦ ਬਾਦਸ਼ਾਹ ਨੇ ਹਾਥੀ ਅਤੇ ਸੋਨੇ ਦੇ ਛਤਰ ਮੰਗਵਾਏ। ਗੁਰੂ ਰਵਿਦਾਸ ਜੀ ਨੂੰ ਹਾਥੀ ਉੱਪਰ ਬਿਠਾ ਕੇ ਸ਼ਹਿਰ ਵਿੱਚ ਸ਼ੋਭਾ ਯਾਤਰਾ ਕੱਢੀ ਗਈ। ਜਦੋਂ ਗੁਰੂ ਰਵਿਦਾਸ ਜੀ ਨੂੰ ਹਾਥੀ ਉੱਪਰ ਬਿਠਾਉਣ ਲੱਗੇ ਤਾਂ ਉੱਥੇ ਉਹਨਾਂ ਨੇ ਸਲੋਕ ਉਚਾਰਨ ਕੀਤਾ

*ਐਸੀ ਲਾਲ ਤੁਝ ਬਿਨੁ ਕਉਨੁ ਕਰੈ॥*
*ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥੧॥ ਰਹਾਉ॥*
*ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਂਹੀ ਢਰੈ॥*
*ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥੧॥*
*ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ॥*
*ਕਹਿ ਰਵਿਦਾਸੁ ਸੁਨਹੁ ਰੇ ਸੰਤਹੁ*
*ਹਰਿ ਜੀਉ ਤੇ ਸਭੈ ਸਰੈ॥ (ਅੰਗ 1106)*

ਫੇਰ ਗੁਰੂ ਰਵਿਦਾਸ ਜੀ ਦੀ ਸ਼ਹਿਰ ਵਿੱਚ ਜੈ-ਜੈ ਕਾਰ ਹੋਈ। ਛੋਟੀ ਜਾਤੀ ਦੇ ਹੋ ਕੇ, ਔਖਾ ਸਮਾਂ ਕੱਟ ਕੇ ਗੁਰੂ ਰਵਿਦਾਸ ਜੀ ਨੇ ਭਗਤੀ ਦਾ ਜੋ ਪ੍ਰਮਾਣ ਦਿੱਤਾ ਹੈ ਉਸਦੀ ਮਿਸਾਲ ਬਹੁਤ ਘੱਟ ਮਿਲਦੀ ਹੈ। ਅੱਜ ਪੂਰਨ ਸੰਤ ਸਤਿਗੁਰੂ ਗੁਰੂ ਰਵਿਦਾਸ ਜੀ ਦਾ 634ਵਾਂ ਅਵਤਾਰ ਪੁਰਬ ਹੈ।

ਅਰਬਨ ਅਸਟੇਟ ਵਿੱਚ ਜੋ ਰਵਿਦਾਸ ਭਵਨ ਹੈ ਉੱਥੇ 1982 ਵਿੱਚ ਅਸੀਂ ਪੈਸੇ ਦੇ ਕੇ ਗਾਡਰ ਅਤੇ ਬਾਲੇ ਪਾ ਕੇ ਭਵਨ ਬਣਾਇਆ ਸੀ। ਉਦੋਂ ਸੰਗਤ ਬਹੁਤ ਥੋੜ੍ਹੀ ਹੁੰਦੀ ਸੀ। ਫੇਰ ਚੌਧਰੀ ਜਗਜੀਤ ਸਿੰਘ ਅਤੇ ਸੰਤੋਖ ਸਿੰਘ ਆਏ ਕਿ ਬਾਬਾ ਜੀ! ਤੁਸੀਂ ਇਹ ਬਣਾਇਆ ਹੈ। ਅਸੀਂ ਵੀ ਮਨਿਸਟਰ ਹਾਂ। ਅਸੀਂ ਆਪਣੇ ਫੰਡ ਵਿੱਚੋਂ 50-50 ਹਜਾਰ ਰੁਪਏ ਦਿੰਦੇ ਹਾਂ। ਉਦੋਂ ਅਸੀਂ ਉਹਨਾਂ ਨੂੰ ਕਿਹਾ ਕਿ ਹੁਣ ਤੁਸੀਂ ਆਪਣੇ ਭਾਗ ਬਣਾ ਰਹੇ ਹੋ। ਪਰ ਐਸਾ ਸਮਾਂ ਆਵੇਗਾ ਕਿ ਸਾਰੀ ਦੁਨੀਆਂ ਹੀ ਗੁਰੂ ਰਵਿਦਾਸ ਜੀ ਦੀ ਜੈ ਜੈ ਕਾਰ ਕਰੇਗੀ। ਸੋਈ ਅੱਜ ਐਸਾ ਸਮਾਂ ਆਇਆ ਹੈ ਕਿ ਹਰ ਨਗਰ ਅਤੇ ਹਰ ਸ਼ਹਿਰ ਵਿੱਚ ਗੁਰੂ ਰਵਿਦਾਸ ਜੀ ਦਾ ਅਵਤਾਰ ਪੁਰਬ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਅਸੀਂ ਵੀ ਸੋਚਿਆ ਕਿ ਅਸੀਂ ਵੀ ਉਹਨਾਂ ਦਾ ਅਵਤਾਰ ਪੁਰਬ ਮਨਾ ਕੇ ਆਪਣੇ ਭਾਗ ਬਣਾਈਏ। ਸੰਗਤ ਵੱਧ ਘੱਟ ਦੀ ਅਲੱਗ ਗੱਲ ਹੈ। ਜਿਸ ਨੇ ਖੁਸ਼ੀਆਂ ਲੈਣੀਆਂ ਹਨ ਉਹੋ ਹੀ ਆਵੇਗਾ। ਕਿਉਂਕਿ ਜਿਸ ਉੱਪਰ ਹਜ਼ੂਰ ਕਿਰਪਾ ਕਰਨਗੇ ਉਹੋ ਹੀ ਆ ਸਕਦਾ ਹੈ। ਹੋਰ ਕੋਈ ਨਹੀਂ ਆ ਸਕਦਾ। ਹੁਣ ਗੁਰੂ ਰਵਿਦਾਸ ਜੀ ਦੇ ਅਵਤਾਰ ਪੁਰਬ ਸਬੰਧੀ ਕਰਵਾਏ ਗਏ ਅਖੰਡ ਪਾਠ ਦੇ ਭੋਗ ਉਪਰੰਤ ਜੋ ਹੁਕਮਨਾਮਾ ਆਇਆ ਹੈ ਉਹ ਹਜ਼ੂਰ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਸੋਢੀ ਸੁਲਤਾਨ ਦੇ ਉਚਾਰਨ ਕੀਤੇ ਮਹਾਂਵਾਕ ਵਿੱਚੋਂ ਆਇਆ ਹੈ। ਹਜ਼ੂਰ ਇਸ ਹੁਕਮਨਾਮੇ ਵਿੱਚ ਜੋ ਭੇਦ ਬਖਸ਼ ਰਹੇ ਹਨ ਉਹ ਆਪਾਂ ਸਾਰੇ ਧਿਆਨ ਨਾਲ ਸਰਵਣ ਕਰਕੇ ਹਿਰਦੇ ਵਿੱਚ ਵਸਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ! ਹਜ਼ੂਰ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਸੋਢੀ ਸੁਲਤਾਨ ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਐ ਦੁਨੀਆਂ ਵਾਲਿਓ! ਉਹ ਅਕਾਲ ਪੁਰਖ ਵਾਹਿਗੁਰੂ, ਧੁਰ ਕੀ ਬਾਣੀ ਹੀ ਹੈ ਜਿਸ ਨੂੰ ਅੱਲਾਹ, ਗਾਡ, ਰਾਮ, ਵਾਹਿਗੁਰੂ, ਸਤਿਨਾਮੁ ਜਾਂ ਸ਼ਬਦ ਰੂਪੀ ਤਾਕਤ ਕਿਹਾ ਗਿਆ ਹੈ। ਉਹ ਆਪਣੇ ਦਾਸਾਂ ਨਾਲ ਪਿਆਰ ਕਰਦੇ ਹਨ। ਉਹ ਗੁਰੂ ਪਿਆਰਿਆਂ ਨਾਲ ਪਿਆਰ ਕਰਦੇ ਹਨ। ਬਹੁਤ ਅਮੀਰਾਂ, ਬਾਦਸ਼ਾਹਾਂ ਨਾਲ, ਮੰਤਰੀਆਂ, ਪ੍ਰਾਈਮ ਮਨਿਸਟਰਾਂ ਜਾਂ ਪ੍ਰੈਜ਼ੀਡੈਂਟਾਂ ਨਾਲ ਪਿਆਰ ਨਹੀਂ ਕਰਦੇ। ਉਹ ਉਸ ਜੀਵ ਨੂੰ ਪਿਆਰ ਕਰਦੇ ਹਨ ਜੋ ਉਹਨਾਂ ਦੇ ਦਾਸ ਹੋ ਜਾਂਦੇ ਹਨ। ਜੋ ਪ੍ਰਾਣੀ ਗੁਰੂ ਦਾ ਦਾਸ ਬਣ ਜਾਂਦਾ ਹੈ, ਗੁਰੂ ਫੇਰ ਉਹਨਾਂ

ਦਾ ਹੀ ਹੋ ਜਾਂਦਾ ਹੈ। ਗੁਰੂ ਰਵਿਦਾਸ ਜੀ ਜਾਤ ਦੇ ਚਮਿਆਰ ਸਨ। ਜੋੜੇ ਗੰਢਦੇ ਸਨ। ਪਰ ਉਸ ਮਾਲਿਕ ਦੇ ਦਾਸ ਬਣ ਗਏ ਤਾਂ ਮਾਲਿਕ ਨੇ ਉਹਨਾਂ ਨੂੰ ਪ੍ਰੀਤ ਅਤੇ ਪਿਆਰ ਬਖਸ਼ਿਆ। ਹੁਣ

*ਭਗਤ ਭਗਤ ਜਗ ਵਜਿਆ*
*ਚਹੁੰ ਚਕਾਂ ਦੇ ਵਿਚ ਚੰਮਰੇਟਾ।*

ਤਥਾ

*ਜਿਸੁ ਨੀਚ ਕਉ ਕੋਈ ਨ ਜਾਨੈ॥*
*ਨਾਮੁ ਜਪਤ ਉਹੁ ਚਹੁ ਕੁੰਟ ਮਾਨੈ॥੧॥ (ਅੰਗ 386)*

ਜੋ ਵੀ ਪ੍ਰਾਣੀ ਪ੍ਰਭੂ ਦਾ ਦਾਸ ਬਣਦਾ ਹੈ ਪ੍ਰਭੂ ਉਸੇ ਨਾਲ ਪ੍ਰੀਤ ਅਤੇ ਪਿਆਰ ਕਰਦੇ ਹਨ। ਉਹ ਪ੍ਰਭੂ, ਉਹ ਅਕਾਲ ਪੁਰਖ ਵਾਹਿਗੁਰੂ ਆਪਣੇ ਦਾਸਾਂ ਦੇ ਮਿੱਤਰ ਅਤੇ ਦੋਸਤ ਬਣ ਜਾਂਦੇ ਹਨ। ਮਿੱਤਰ ਉਹ ਹੈ ਜੋ ਔਗੁਣ ਨਾ ਦੇਖ ਕੇ ਚੰਗਿਆਈ ਬੁਰਿਆਈ ਨੂੰ ਸਮ ਕਰਕੇ ਪਿਆਰ ਕਰਦੇ ਹਨ। ਬਾਕੀ ਸਾਰੇ ਰਿਸ਼ਤੇਦਾਰ ਅਤੇ ਭੈਣ ਭਰਾ

*ਸੁਖ ਮੈ ਆਨਿ ਬਹੁਤੁ ਮਿਲਿ ਬੈਠਤ*
*ਰਹਤ ਚਹੂ ਦਿਸਿ ਘੇਰੈ।*
*ਬਿਪਤਿ ਪਰੀ ਸਭ ਹੀ ਸੰਗੁ ਛਾਡਿਤ*
*ਕੋਊ ਨ ਆਵਤ ਨੇਰੈ॥੧॥ (ਅੰਗ 634)*

ਪਰ ਉਹ ਤਾਕਤ ਆਪਣੇ ਦਾਸਾਂ ਦੇ ਦੋਸਤ, ਮਿੱਤਰ, ਸਹੇਲੇ, ਯਾਰ ਬਣ ਜਾਂਦੇ ਹਨ।

*ਯਾਰ ਕੀ ਤੇ ਹਿਸਾਬ ਕੀ।*

**ਹਰਿ ਦਾਸਨ ਕੈ ਵਸਿ ਹੈ ਜਿਉ ਜੰਤੀ ਕੈ ਵਸਿ ਜੰਤੁ॥**

ਜਿਸ ਤਰ੍ਹਾਂ ਮਾਂ ਬੱਚੇ ਨੂੰ ਜਨਮ ਦਿੰਦੀ ਹੈ ਇਸ ਤਰ੍ਹਾਂ ਉਹ ਅਕਾਲ ਪੁਰਖ ਵਾਹਿਗੁਰੂ ਆਪਣੇ ਦਾਸਾਂ ਨੂੰ ਦੁਨੀਆਂ ਵਿੱਚ ਅੱਛੇ ਕਾਰਜਾਂ ਲਈ ਅਤੇ ਧਰਮ ਦੀ ਰੱਖਿਆ ਲਈ ਭੇਜਦੇ ਹਨ। ਜਿਸ ਤਰ੍ਹਾਂ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੇ ਫੁਰਮਾਨ ਕੀਤਾ ਹੈ ਕਿ

*ਹਮ ਇਹ ਕਾਜ ਜਗਤ ਮੋ ਆਏ॥*
*ਧਰਮ ਹੇਤ ਗੁਰਦੇਵ ਪਠਾਏ॥*

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਸਾਧੂ ਆਪਣੀ ਮਾਤਾ ਦੇ ਗਰਭ 'ਚੋਂ ਜਨਮ ਲੈਂਦੇ ਹਨ ਪਰ ਉਹਨਾਂ ਉੱਪਰ ਤਾਕਤ ਨਾਜ਼ਿਲ ਹੁੰਦੀ ਹੈ। ਜਿਸ ਤਰ੍ਹਾਂ ਮਾਂ ਬੱਚੇ ਨੂੰ ਜਨਮ ਦਿੰਦੀ ਹੈ, ਇਸ ਤਰ੍ਹਾਂ ਉਹ ਤਾਕਤ ਆਪਣੇ ਸੇਵਕਾਂ ਉੱਪਰ ਰਹਿਮਤ ਭਰੀ ਬਖਸ਼ਿਸ਼ ਕਰਦੇ ਹਨ।

**ਹਰਿ ਕੇ ਦਾਸ ਹਰਿ ਧਿਆਇਦੇ**
**ਕਰਿ ਪ੍ਰੀਤਮ ਸਿਉ ਨੇਹੁ॥**

ਹਰੀ ਦੇ ਦਾਸ ਉਹ ਹਨ ਜੋ ਆਪਣੇ ਪ੍ਰੀਤਮ ਦੇ ਨਾਲ ਪਿਆਰ ਕਰਕੇ ਆਪਣੇ ਪ੍ਰੀਤਮ ਨੂੰ ਧਿਆਉਂਦੇ ਹਨ। ਦਾਸ ਨਾਮ ਰੱਖਣ ਨਾਲ ਨਹੀਂ ਬਣਦਾ। ਕਈ ਜੀਵ ਦਾਸ ਸ਼ਬਦ ਤੋਂ ਨਫਰਤ ਕਰਦੇ ਹਨ। ਸ. ਪ੍ਰਤਾਪ ਸਿੰਘ ਕੈਰੋਂ ਪੰਜਾਬ ਦੇ ਬਹੁਤ ਵਧੀਆ ਚੀਫ਼ ਮਨਿਸਟਰ ਸਨ। ਪਰ ਐਸਾ ਸਮਾਂ ਆਇਆ ਕਿ ਇੱਕ ਦਾਸ ਕਮਿਸ਼ਨ ਬੈਠ ਗਿਆ। ਉਸ ਕਮਿਸ਼ਨ ਨੇ ਕੈਰੋਂ ਦੇ ਵਿਰੁੱਧ ਇੰਨਕੁਆਰੀ ਸ਼ੁਰੂ ਕਰ ਦਿੱਤੀ। ਉਦੋਂ ਛੁੱਟੀ, ਬਦਲੀ, ਤਰੱਕੀ ਦੀਆਂ ਦਰਖਾਸਤਾਂ ਅਰਥਾਤ ਅਰਜੀਆਂ ਲਿਖਦੇ ਹੁੰਦੇ ਸਨ। ਉਹਨਾਂ ਨੇ ਲਿਖਿਆ ਹੁੰਦਾ ਸੀ 'ਆਪ ਜੀ ਦਾ ਦਾਸ'। ਪ੍ਰਤਾਪ ਸਿੰਘ ਕੈਰੋਂ ਮਹਿੰਦਰ ਸਿੰਘ ਪੰਨੂ ਨੂੰ ਕਹਿਣ ਲੱਗੇ ਇਹ ਕੀ ਲਿਖਦਾ ਹੈ। ਉਸ ਨੇ ਕਿਹਾ ਜੀ! ਲਿਖਿਆ ਹੈ ਆਪ ਜੀ ਦਾ ਦਾਸ। ਪ੍ਰਤਾਪ ਸਿੰਘ ਕੈਰੋਂ ਕਹਿਣ ਲੱਗੇ ਇੱਕ ਦਾਸ ਹੀ ਸਾਡੀ ਜਾਨ ਨਹੀਂ ਛੱਡਦਾ, ਇਹ ਦੂਸਰਾ ਦਾਸ ਕਿੱਥੋਂ ਆ ਗਿਆ। ਤਦ ਪ੍ਰਤਾਪ ਸਿੰਘ ਕੈਰੋਂ ਨੇ ਆਰਡਰ ਕਰ ਦਿੱਤੇ, ਅੱਜ ਤੋਂ ਬਾਅਦ ਪੰਜਾਬ ਵਿੱਚ ਕੋਈ ਅਰਜ਼ੀ ਦੇਣ ਸਮੇਂ ਆਪ ਦਾ ਵਿਸ਼ਵਾਸ ਪਾਤਰ ਲਿਖਿਆ ਜਾਵੇਗਾ, ਆਪ ਦਾ ਦਾਸ ਨਹੀਂ ਲਿਖਿਆ ਜਾਵੇਗਾ। ਉਸ ਨੇ ਕਾਗਜਾਂ ਵਿੱਚੋਂ ਦਾਸ ਦਾ ਨਾਮ ਹੀ ਮਿਟਾ ਦਿੱਤਾ। ਪਰ ਉਹ ਪ੍ਰਭੂ ਆਪਣੇ ਦਾਸਾਂ ਨਾਲ ਪਿਆਰ ਕਰਦੇ ਹਨ। ਦਾਸਾਂ ਨੂੰ ਭੇਦ ਬਖਸ਼ ਕੇ ਰਹਿਮਤ ਕਰਦੇ ਹਨ। ਦਾਸ ਸ਼ਬਦ ਦਾ ਅਰਥ ਹੈ ਉਸ ਮਾਲਿਕ ਦੇ ਸਮਰਪਿਤ ਹੋ ਜਾਣਾ। ਲੜਕੀਆਂ ਆਪਣੇ ਪਤੀ ਨੂੰ ਕਹਿੰਦੀਆਂ ਹਨ ਕਿ ਮੈਂ ਆਪ ਦੀ ਦਾਸੀ ਹਾਂ। ਅੱਜ ਕੱਲ ਵਿਆਹ ਤੋਂ ਬਾਅਦ ਲੜਕੀਆਂ ਦੇ ਨਾਮ ਬਦਲੀ ਨਹੀਂ ਹੁੰਦੇ। ਪਰ ਪਹਿਲੇ ਸਮਿਆਂ ਵਿਚ ਵਿਆਹ ਤੋਂ ਬਾਅਦ ਲੜਕੀ ਨੂੰ ਜਦੋਂ ਗੁਰਦੁਆਰੇ ਲਿਜਾਇਆ ਜਾਂਦਾ ਸੀ ਉੱਥੇ ਜਿਸ ਅੱਖਰ ਤੋਂ ਹੁਕਮਨਾਮਾ ਆਉਂਦਾ ਸੀ ਉਸ ਤੋਂ ਲੜਕੀ ਦਾ ਨਾਮ ਰੱਖਿਆ ਜਾਂਦਾ ਸੀ। ਉਸ ਲੜਕੀ ਦਾ ਨਾਮ ਅਤੇ ਕੁਲ ਸਹੁਰਿਆਂ ਅਨੁਸਾਰ ਹੋ ਜਾਂਦੀ ਸੀ। ਜੋ ਲੜਕੀ ਆਪਣੇ ਪਤੀ ਨੂੰ ਸਭ ਕੁਝ ਸਮਰਪਿਤ ਕਰ ਦਿੰਦੀ ਹੈ ਉਸ ਨੂੰ ਦਾਸੀ ਕਿਹਾ ਗਿਆ ਹੈ।

*ਮਨੁ ਬੇਚੈ ਸਤਿਗੁਰ ਕੈ ਪਾਸਿ॥*
*ਤਿਸੁ ਸੇਵਕ ਕੇ ਕਾਰਜ ਰਾਸਿ॥ (ਅੰਗ 286)*

ਸੰਧੂਆਂ ਦੀ ਧੀ ਗਿੱਲਾਂ ਦੇ ਘਰ ਆ ਗਈ ਤਾਂ ਗਿੱਲ ਬਣ ਗਈ। ਗਿੱਲਾਂ ਦੀ ਧੀ ਸੰਧੂਆਂ ਦੇ ਘਰ ਆ ਗਈ ਤਾਂ ਸੰਧੂ ਬਣ ਗਈ। ਇਸ ਤਰ੍ਹਾਂ ਜੋ ਸੱਚੇ ਦਾਸ, ਗੁਰੂ ਪਿਆਰੇ, ਗੁਰਸਿੱਖ ਹੁੰਦੇ ਹਨ ਉਹ ਆਪਣੀ ਜਾਤ ਪਾਤ ਕੁਝ ਨਹੀਂ ਰੱਖਦੇ ਉਹ ਆਪਣੇ ਸਤਿਗੁਰ ਦੇ ਸਮਰਪਿਤ ਹੋ ਜਾਂਦੇ ਹਨ।

**ਕਿਰਪਾ ਕਰਿ ਕੈ ਸੁਨਹੁ ਪ੍ਰਭ**
**ਸਭ ਜਗ ਮਹਿ ਵਰਸੈ ਮੇਹੁ॥**

ਹਜ਼ੂਰ ਕਿਰਪਾ ਕਰੋ, ਬਾਰਿਸ਼ ਪਵੇ ਅਤੇ ਰਹਿਮਤ ਦਾ ਅੰਮ੍ਰਿਤ ਵਰਸੇ। ਹਰਿਆਣੇ ਵੱਲ ਅਜੇ ਵੀ ਜਦੋਂ ਮੀਂਹ ਪੈਂਦਾ ਹੈ ਉਹ ਕਹਿੰਦੇ ਹਨ ਰਾਮ ਬਰਸੇ ਹੈ। ਪਹਿਲਾਂ ਪਹਿਲ ਜਦੋਂ ਮੀਂਹ ਨਹੀਂ ਸੀ ਪੈਂਦਾ ਤਾਂ ਲੋਕ ਜਗ ਕਰਿਆ ਕਰਦੇ ਸਨ, ਰਾਮ ਦੀ

ਪੂਜਾ ਕਰਦੇ ਸਨ। ਇਸੇ ਕਰਕੇ ਕਹਿੰਦੇ ਹਨ ਰਾਮ ਬਰਸੇ ਹੈ। ਬਾਰਿਸ਼ ਦੀ ਮਿਸਾਲ ਇਸ ਕਰਕੇ ਦਿੱਤੀ ਹੈ ਕਿਉਂਕਿ ਅਮੀਰ ਆਦਮੀ ਤਾਂ ਆਪਣਾ ਟਿਊਬਵੈੱਲ ਚਲਾ ਕੇ ਜਾਂ ਖੂਹ ਦਾ ਜਾਂ ਨਹਿਰ ਦਾ ਪਾਣੀ ਦੇ ਕੇ ਫਸਲ ਦੀ ਪਰਵਰਿਸ਼ ਕਰ ਸਕਦਾ ਹੈ। ਪਰ ਜਦੋਂ ਬਾਰਿਸ਼ ਪੈਂਦੀ ਹੈ ਉਦੋਂ ਅਮੀਰਾਂ-ਗਰੀਬਾਂ, ਉੱਚੇ-ਨੀਵੇਂ ਸਭ ਜਗ੍ਹਾ ਤੇ ਰਹਿਮਤ ਵਰਸਦੀ ਹੈ ਅਤੇ ਹਰ ਜਗ੍ਹਾ ਹਰਿਆਲੀ ਆਉਂਦੀ ਹੈ। ਇਸ ਕਰਕੇ ਹਜ਼ੂਰ ਤੁਸੀਂ ਕਿਰਪਾ ਕਰਕੇ ਰਹਿਮਤ ਦੀ ਵਰਖਾ ਪਾਉ ਤਾਂ ਕਿ ਸਭ ਦੇ ਰੁੱਖੇ ਸੁੱਕੇ ਮਨ ਹਰੇ ਹੋ ਜਾਣ।

**ਜੋ ਹਰਿ ਦਾਸਨ ਕੀ ਉਸਤਤਿ ਹੈ**
**ਸਾ ਹਰਿ ਕੀ ਵਡਿਆਈ॥**

ਜਿਹੜੇ ਜੀਵ ਪੂਰਨ ਸਾਧੂਆਂ ਦੀ ਉਸਤਿਤ ਅਤੇ ਸੋਭਾ ਕਰਦੇ ਹਨ ਉਹ ਹਰੀ ਦੀ ਵਡਿਆਈ ਸਮਝੀ ਜਾਂਦੀ ਹੈ। ਜਦੋਂ ਤੁਸੀਂ ਪੂਰਨ ਸੰਤਾਂ ਦੀ ਸੋਭਾ ਅਤੇ ਗੁਣ ਗਾਇਨ ਕਰਦੇ ਹੋ ਤਾਂ ਪ੍ਰਭੂ ਸਮਝਦੇ ਹਨ ਕਿ ਉਹ ਹਰੀ ਦੇ ਦਾਸਾਂ ਦੀ ਸੋਭਾ ਕਰਕੇ ਮੇਰੀ ਹੀ ਸੋਭਾ ਕਰ ਰਿਹਾ ਹੈ।

**ਹਰਿ ਆਪਣੀ ਵਡਿਆਈ ਭਾਵਦੀ**
**ਜਨ ਕਾ ਜੈਕਾਰੁ ਕਰਾਈ॥**

ਸ਼ਬਦ ਰੂਪੀ ਤਾਕਤ ਆਪਣੇ ਸੇਵਕਾਂ ਨੂੰ ਵਡਿਆਈ ਬਖਸ਼ਦੀ ਹੈ। ਕਈ ਅਫਸਰ ਜਾਂ ਮਤਾਹਿਤ ਕੰਮ ਕਰਦੇ ਹਨ ਤਾਂ ਆਪਣਾ ਨਾਮ ਵਿੱਚ ਰਖਵਾਉਂਦੇ ਹਨ। ਪਰ ਸਾਡੇ ਸਮੇਂ ਜਿਹੜਾ ਅਫਸਰ, ਮਤਾਹਿਤ ਜਾਂ ਸੁਬਾਰਡੀਨੇਟ ਕੰਮ ਕਰਦਾ ਸੀ ਉਸੇ ਦੀ ਜੈ ਜੈ ਕਾਰ ਹੁੰਦੀ ਸੀ। ਅਸੀਂ ਹੁਣ ਅਖਬਾਰਾਂ ਵਿੱਚ ਪੜ੍ਹਦੇ ਅਤੇ ਸੁਣਦੇ ਹਾਂ ਕਿ ਐੱਸ.ਪੀ. ਦੀ ਹਦਾਇਤ ਤੇ, ਡੀ.ਜੀ.ਪੀ. ਦੀ ਹਦਾਇਤ ਤੇ ਸਬ ਡਿਵੀਜਨ ਦੇ ਡੀ.ਐੱਸ.ਪੀ. ਦੀ ਹਦਾਇਤ ਤੇ ਕੰਮ ਕੀਤਾ ਹੈ। ਚਾਹੇ ਬੰਦਾ ਯੂ.ਪੀ. ਗਿਆ ਹੋਵੇ ਪਰ ਉਹ ਕਹਿੰਦੇ ਹਨ ਕਿ ਮਤਾਹਿਤ ਨੇ ਜਿਹੜਾ ਕੰਮ ਕੀਤਾ ਹੈ ਖੁਦ ਨਹੀਂ ਕੀਤਾ ਉਸ ਅਫਸਰ ਦੀ ਹਦਾਇਤ, ਹੁਕਮ ਤੇ ਕੀਤਾ ਹੈ। ਚਾਹੇ ਉਸ ਨੂੰ ਪਤਾ ਵੀ ਨਾ ਹੋਵੇ ਕਿ ਇਹ ਕੰਮ ਕਦੋਂ ਅਤੇ ਕਿੱਦਾਂ ਹੋਇਆ। ਪਰ ਗੁਰਬਾਣੀ ਐਸੀ ਤਾਕਤ ਹੈ ਉਹ ਆਪਣੀ ਵਡਿਆਈ ਨਾ ਕਰਵਾ ਕੇ ਆਪਣੇ ਸੇਵਕਾਂ ਦੀ ਵਡਿਆਈ ਕਰਵਾਉਂਦੀ ਹੈ। ਜਿਸ ਤਰ੍ਹਾਂ ਭਗਵਾਨ ਨੇ ਆ ਕੇ ਗੁਰੂ ਰਵਿਦਾਸ ਜੀ ਨੂੰ ਕਿਹਾ ਸੀ ਕਿ ਤੂੰ ਕਹਿ ਦੇਵੀਂ ਕਿ ਪੁੱਤ੍ਰ ਹੋਵੇਗਾ। ਪੁੱਤ੍ਰ ਅਸੀਂ ਬਖਸ਼ਣਾ ਹੈ ਪਰ ਜੈ ਜੈ ਕਾਰ ਤੇਰੀ ਹੋਵੇਗੀ। ਇਸ ਕਰਕੇ ਉਹ ਹਰੀ, ਗੋਬਿੰਦ, ਮਾਧੋ, ਰਮਈਆ, ਗੁਸਈਆਂ ਤਾਕਤ ਆਪਣੇ ਸੇਵਕਾਂ ਅਤੇ ਦਾਸਾਂ ਦੀ ਸੋਭਾ ਕਰਵਾਉਂਦੀ ਹੈ ਜਦੋਂ ਦਾਸਾਂ ਦੀ ਸੋਭਾ ਹੁੰਦੀ ਹੈ ਉਹ ਕਹਿੰਦੇ ਹਨ ਕਿ ਸਾਡੀ ਸੋਭਾ ਹੋ ਰਹੀ ਹੈ।

**ਸੋ ਹਰਿ ਜਨੁ ਨਾਮੁ ਧਿਆਇਦਾ**
**ਹਰਿ ਹਰਿ ਜਨੁ ਇਕ ਸਮਾਨਿ॥**

ਜੋ ਪ੍ਰਾਣੀ ਹਰੀ ਦਾ ਜਾਪ ਕਰਦੇ ਹਨ ਉਹ ਹਰੀ ਦੇ ਸਮਾਨ ਹੋ ਜਾਂਦੇ ਹਨ।

**ਜਨੁ ਨਾਨਕੁ ਹਰਿ ਕਾ ਦਾਸੁ ਹੈ**
**ਹਰਿ ਪੈਜ ਰਖਹੁ ਭਗਵਾਨ॥੧॥**

ਹਰੀ ਦੇ ਦਾਸ ਇਹ ਨਹੀਂ ਕਹਿੰਦੇ ਕਿ ਮੈਂ ਕੁਝ ਕੀਤਾ ਹੈ। ਉਹ ਇਹੋ ਕਹਿੰਦੇ ਹਨ ਕਿ ਹਜ਼ੂਰ! ਮੈਂ ਬੇਨਤੀ ਕੀਤੀ ਹੈ ਮੇਰੀ ਲਾਜ ਰੱਖਿਉ।

*ਕਬੀਰ ਨ ਹਮ ਕੀਆ ਨ ਕਰਹਿਗੇ ਨਾ ਕਰਿ ਸਕੈ ਸਰੀਰੁ॥*
*ਕਿਆ ਜਾਨਉ ਕਿਛੁ ਹਰਿ ਕੀਆ ਭਇਓ ਕਬੀਰੁ ਕਬੀਰੁ॥*
*(ਅੰਗ 1367)*

ਤਥਾ

*ਯਾਰ ਮੇਰਾ ਰੂਪ ਕਰਤ ਸਭ ਕਾਮ ਹੈ।*
*ਬੀਚ ਮੇਂ ਇਕ ਨਾਮ ਮੇਰਾ ਬਦਨਾਮ ਹੈ।*

ਉਹ ਦਾਸ ਇਹੋ ਕਹਿੰਦੇ ਹਨ ਕਿ ਅਸੀਂ ਕੁਝ ਨਹੀਂ ਕੀਤਾ। ਜੋ ਕੀਤਾ ਹੈ ਉਹ ਮੇਰੇ ਹਜ਼ੂਰ ਨੇ, ਉਸ ਤਾਕਤ ਨੇ ਕੀਤਾ ਹੈ। ਸੋਈ ਭਗਵਾਨ ਕਹਿੰਦਾ ਹੈ ਕਿ ਮੇਰੇ ਦਾਸ ਦੀ ਸੋਭਾ ਹੋਵੇ। ਦਾਸ ਕਹਿੰਦਾ ਹੈ ਮੇਰੇ ਭਗਵਾਨ ਨੇ ਸਭ ਕੁਝ ਕੀਤਾ ਹੈ। ਫੇਰ

*ਪੁੱਤ ਨੂੰ ਪਿਉ ਦੀ ਲਾਜ, ਪਿਉ ਨੂੰ ਪੁੱਤ ਦੀ ਲਾਜ।*

ਇਸ ਤਰ੍ਹਾਂ ਦੁਨੀਆਂ ਵਿੱਚ ਇਹ ਸੰਬੰਧ ਭਗਤੀ ਮਾਰਗ ਦਾ ਬਣਿਆ ਰਹਿੰਦਾ ਹੈ।

ਹਜ਼ੂਰ ਕਿਰਪਾ ਕਰਨ। ਐੱਸ. ਜੀ. ਐੱਲ. ਜਨ ਸੇਵਾ ਕੇਂਦਰ, ਗੜ੍ਹਾ ਜਲੰਧਰ ਨਾਲ ਸੰਬੰਧਤ ਗੁਰੂ ਦੀ ਸੰਗਤ ਨੇ ਪੂਰਨ ਸੰਤ ਸਤਿਗੁਰੂ ਗੁਰੂ ਰਵਿਦਾਸ ਜੀ ਮਹਾਰਾਜ ਦੇ 634ਵੇਂ ਅਵਤਾਰ ਦਿਵਸ ਦੀ ਖੁਸ਼ੀ ਵਿਚ ਪਾਠ ਕਰਵਾ ਕੇ ਭੋਗ ਉਪਰੰਤ ਆਏ ਹੁਕਮਨਾਮੇ ਤੇ ਸਤਿਸੰਗ ਕਰਵਾਇਆ ਹੈ। ਸੋਈ ਸਾਰੀ ਸੰਗਤ ਨੂੰ ਹਜ਼ੂਰ ਗੁਰੂ ਰਵਿਦਾਸ ਜੀ ਦੇ ਅਵਤਾਰ ਦਿਵਸ ਦੀ ਲੱਖ ਲੱਖ ਵਧਾਈ ਹੋਵੇ। ਜਿਹੜੀ ਸੰਗਤ ਆਈ ਹੈ ਅਤੇ ਜਿਹੜੀ ਨਹੀਂ ਵੀ ਆ ਸਕੀ ਕਿਉਂਕਿ ਅੱਜ ਹਰ ਪਿੰਡ ਅਤੇ ਸ਼ਹਿਰ ਵਿੱਚ ਇਹ ਪੁਰਬ ਮਨਾਇਆ ਜਾ ਰਿਹਾ ਹੈ, ਅਸੀਂ ਸਾਰਿਆਂ ਨੂੰ ਇਸ ਸੰਸਥਾ ਵੱਲੋਂ ਬਹੁਤ-ਬਹੁਤ ਵਧਾਈ ਦਿੰਦੇ ਹਾਂ। ਹਜ਼ੂਰ ਇਸੇ ਤਰ੍ਹਾਂ ਕਿਰਪਾ ਕਰਕੇ ਆਪਣਾ ਯਸ਼ ਕਰਵਾਉਂਦੇ ਰਹਿਣ।

# ਸਤਿਸੰਗ

**ਭੈਰਉ ਮਹਲਾ ੩ ਘਰੁ 2 (ਅੰਗ 1154)**

**ੴ ਸਤਿਗੁਰ ਪ੍ਰਸਾਦਿ।**

**ਤਿਨਿ ਕਰਤੇ ਇਕੁ ਚਲਤੁ ਉਪਾਇਆ॥**

**ਅਨਹਦ ਬਾਨੀ ਸਬਦੁ ਸੁਣਾਇਆ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਤੀਸਰੇ ਪਾਤਿਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨਿਥਾਂਵਿਆਂ ਦੀ ਥਾਂ, ਨਿਓਟਿਆਂ ਦੀ ਓਟ, ਨਿਪੱਤਿਆਂ ਦੀ ਪੱਤ, ਨਿਧਿਰਿਆਂ ਦੀ ਧਿਰ, ਨਿਲੱਜਿਆਂ ਦੀ ਲੱਜ, ਨਿਆਸਰਿਆਂ ਦੇ ਆਸਰੇ ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਉਸ ਕਰਤਾ ਅਰਥਾਤ ਅਕਾਲ ਪੁਰਖ ਵਾਹਿਗੁਰੂ, ਅੱਲਾਹ, ਗਾਡ, ਰਾਮ, ਗੋਬਿੰਦ, ਮਾਧੋ, ਰਮਈਆ, ਗੁਸਈਆ, ਸਤਿਨਾਮੁ ਨੇ ਇੱਕ ਐਸੀ ਰਚਨਾ ਕੀਤੀ ਹੋਈ ਹੈ ਕਿ ਕੋਈ ਵੀ ਜੀਵ ਇੱਥੇ ਠਹਿਰਦਾ ਨਹੀਂ ਹੈ। ਜੀਵ ਜਨਮ ਲੈਂਦਾ ਹੈ, ਮਰਦਾ ਹੈ, ਸਭ ਕੁਝ ਹੋ ਰਿਹਾ ਹੈ, ਬੀਮਾਰੀਆਂ, ਤਕਲੀਫਾਂ, ਦੁੱਖ, ਭਗਤੀ ਮਾਰਗ, ਦੁਨੀਆਵੀ ਮਾਰਗ ਸਾਰੇ ਕੰਮ ਚੱਲ ਰਹੇ ਹਨ ਪਰ ਇੱਥੇ ਟਿਕਦਾ ਕੋਈ ਨਹੀਂ ਹੈ। ਜਿਸ ਤਰ੍ਹਾਂ ਪਾਣੀ ਦਾ ਪਤੀਲਾ ਉਬਲਣ ਲਈ ਰੱਖਿਆ ਸੀ, ਅਤੇ ਪਾਣੀ ਦੇ ਕਤਰੇ ਹਵਾ ਬਣ ਕੇ ਉੱਡ ਰਹੇ ਸੀ। ਪਾਣੀ ਦਾ ਇੱਕ ਬੁਲਬੁਲਾ ਦੂਸਰੇ ਨੂੰ ਪੁੱਛਣ ਲੱਗਾ ਕਿੱਥੇ ਚੱਲਿਆਂ ਏਂ? ਉਸ ਨੇ ਉੱਤਰ ਦਿੱਤਾ ਥੋੜ੍ਹਾ ਸਮਾਂ ਉਡੀਕ ਕਰ। ਤੂੰ ਮੇਰੇ ਪਿੱਛੇ ਹੀ ਆ ਜਾਣਾ ਹੈ ਆਪਾਂ ਉੱਥੇ ਜਾ ਕੇ ਮਿਲਾਂਗੇ। ਸੋਈ ਪਾਣੀ ਦੇ ਬੁਲਬੁਲੇ ਵਾਂਗ ਕਿਸੇ ਨੂੰ ਪਤਾ ਹੀ ਨਹੀਂ ਹੈ ਕਿ ਆਪਾਂ ਅਸਮਾਨ ਵਿੱਚ ਉੱਡਣ ਲੱਗੇ ਹਾਂ। ਹੇਠਾਂ ਅੱਗ ਬਲ ਰਹੀ ਹੈ ਪਰ ਪਹੁੰਚਣਾ ਕਿੱਥੇ ਹੈ ਇਸ ਬਾਰੇ ਕਿਸੇ ਨੂੰ ਪਤਾ ਨਹੀਂ ਹੈ। ਇਸ ਸਾਰੀ ਰਚਨਾ ਦਾ ਕੰਟਰੋਲ ਸ਼ਬਦ ਦੇ ਅੰਦਰ ਕਰ ਦਿੱਤਾ ਗਿਆ ਹੈ। ਬਾਦਸ਼ਾਹੀਆਂ, ਅਮੀਰੀਆਂ, ਗਰੀਬੀਆਂ, ਧੀਆਂ, ਪੁੱਤਰ, ਕਾਰਖਾਨੇ, ਜਾਇਦਾਦਾਂ ਸਭ ਕੁਛ ਬਣਾ ਕੇ ਕੰਟਰੋਲ ਹਜ਼ੂਰ ਨੇ ਆਪਣੇ ਕੋਲ ਰੱਖਿਆ ਹੈ। ਸਾਰੀ ਦੁਨੀਆਂ ਕਾਰੋਬਾਰ ਕਰਦੀ ਹੈ। ਪਰ ਜਿਸ ਉੱਪਰ ਹਜ਼ੂਰ ਦੀ ਬਖਸ਼ਿਸ਼ ਹੋਵੇਗੀ ਉਸੇ ਦਾ ਕਾਰੋਬਾਰ ਵਾਧੇ ਵਿੱਚ ਜਾਂਦਾ ਹੈ। ਜਦੋਂ ਅਸੀਂ ਹਜ਼ੂਰ ਦੀ ਬਖ਼ਸ਼ਿਸ਼ ਤੋਂ ਵਾਂਝੇ ਹੋ ਜਾਂਦੇ ਹਾਂ ਉਦੋਂ ਕਾਰੋਬਾਰ ਵਿੱਚ ਰੁਕਾਵਟ ਪੈਂਦੀ ਹੈ, ਘਾਟੇ ਪੈਂਦੇ ਹਨ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਤੁਸੀਂ ਚਾਹੇ ਦੇਸ਼ ਵਿੱਚ ਰਹੋ ਜਾਂ ਵਿਦੇਸ਼ ਚਲੇ ਜਾਉ। ਲੋਕਲ ਰਹਿ ਕੇ ਕਾਰਖਾਨੇ, ਸ਼ੈਲਰ ਲਾ ਲਇਉ, ਜਮੀਨਾਂ ਖਰੀਦ ਲਇਉ ਸਭ ਕੁਝ ਕਰ ਲਇਉ ਪਰ ਇਹ ਧਿਆਨ ਜਰੂਰ ਰੱਖਿਉ ਕਿ ਤੁਹਾਡੇ ਉੱਪਰ ਜੋ ਬਖਸ਼ਿਸ ਹੋਣੀ ਹੈ ਉਹ ਉਸ ਅਕਾਲ ਪੁਰਖ ਵਾਹਿਗੁਰੂ, ਧੁਰੀ ਕੀ ਬਾਣੀ ਸ਼ਬਦ ਰੂਪੀ ਤਾਕਤ ਨੇ ਕਰਨੀ ਹੈ। ਸਾਰਾ ਕੰਟਰੋਲ ਉਹਨਾਂ ਨੇ ਆਪਣੇ ਹੱਥ ਵਿੱਚ ਰੱਖਿਆ ਹੋਇਆ ਹੈ।

**ਮਨਮੁਖਿ ਭੂਲੇ ਗੁਰਮੁਖਿ ਬੁਝਾਇਆ॥**

**ਕਾਰਣੁ ਕਰਤਾ ਕਰਦਾ ਆਇਆ॥੧॥**

ਜਿਹੜੇ ਜੀਵ ਮਨਮੁਖ ਹਨ ਉਹ ਭੁੱਲ ਜਾਂਦੇ ਹਨ। ਪਰ ਗੁਰਮੁਖ ਜੀਵ ਹਮੇਸ਼ਾ ਚੇਤੇ ਰੱਖਦੇ ਹਨ। ਅਸੀਂ ਤੁਹਾਨੂੰ ਸਾਰਿਆਂ ਨੂੰ ਇੱਕ ਗੱਲ ਦੱਸਣਾ ਚਾਹੁੰਦੇ ਹਾਂ ਤਾਂ ਕਿ ਸੰਗਤ ਗਲਤੀ ਨਾ ਕਰੇ। ਇੱਕ ਪ੍ਰਾਣੀ ਸ੍ਰੀ ਰਾਮ ਲੁਭਾਇਆ ਭਨੋਟ ਹਨ। ਉਹਨਾਂ ਦੀ ਪਤਨੀ ਦਾ ਨਾਮ ਨੀਲਮ ਹੈ। ਉਹਨਾਂ ਦੇ ਕੋਲ ਕੋਈ ਪੈਸਾ ਨਹੀਂ ਸੀ ਹੁੰਦਾ। ਭਨੋਟ ਬਹੁਤ ਸ਼ਰਾਬ ਪੀਂਦਾ ਹੁੰਦਾ ਸੀ ਉਸ ਦੀ ਪਤਨੀ ਨੇ ਲੋਹੀਆ ਖਾਸ ਵਿਖੇ ਲੋਕਾਂ ਦੇ ਘਰੀਂ ਬਰਤਨ ਮਾਂਝ ਕੇ ਕਿਰਾਇਆ ਇੱਕਠਾ ਕਰਨਾ ਅਤੇ ਸਤਿਸੰਗ ਸੁਣਨ ਆਉਣਾ। ਇੱਕ ਵਾਰ ਸਾਨੂੰ ਆ ਕੇ ਕਹਿਣ ਲੱਗੀ ਕਿ ਇਸ ਵਾਰ ਬਰਤਨ ਮੰਝਵਾਉਣ ਵਾਲਿਆਂ ਨੇ ਮੈਨੂੰ ਪੈਸੇ ਨਹੀਂ ਦਿੱਤੇ। ਅਸੀਂ ਕਿਹਾ ਪੁੱਤਰ! ਜਦੋਂ ਤੱਕ ਹਜ਼ੂਰ ਤੁਹਾਡੇ ਉੱਪਰ ਬਖਸ਼ਿਸ਼ ਨਹੀਂ ਕਰਦੇ ਆਉਣ ਜਾਣ ਦਾ ਕਿਰਾਇਆ ਲੈ ਜਾਇਆ ਕਰ ਅਤੇ ਜਾ ਕੇ ਸੰਭਾਲ ਕੇ ਰੱਖ ਲਿਆ ਕਰ। ਫੇਰ ਭਨੋਟ ਵਿਦੇਸ਼ ਵਿੱਚ ਗਿਆ ਉੱਥੇ ਹਜ਼ੂਰ ਨੇ ਕਾਰੋਬਾਰ ਬਖਸ਼ਿਆ। ਚੰਗਾ ਕੰਮ ਚੱਲ ਪਿਆ। ਹਜ਼ੂਰ ਨੇ ਲੜਕੀਆਂ ਬਖਸ਼ੀਆਂ। ਉਸ ਨੇ ਤਿੰਨ ਲੜਕੀਆਂ ਦੇ ਬੜੇ ਬਾਦਸ਼ਾਹੀ ਠਾਠ ਨਾਲ ਵਿਆਹ ਕੀਤੇ। ਫੇਰ ਉਸ ਦੇ ਦਿਲ ਵਿੱਚ ਆ ਗਿਆ ਕਿ ਮੈਂ ਸਿਆਣਾ ਹਾਂ ਅਤੇ ਆਪਣੀ ਲਿਆਕਤ ਨਾਲ ਤਰੱਕੀ ਕੀਤੀ ਹੈ। ਮੈਂ ਸਭ ਕੁਝ ਖੁਦ ਕੀਤਾ ਹੈ। ਇੰਝ ਹੋਇਆ ਕਿ ਉਸ ਨੇ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ। ਖਾਣਾ-ਪੀਣਾ ਸ਼ੁਰੂ ਕਰ ਦਿੱਤਾ। ਕਹਿਣ ਲੱਗਾ ਕਿ ਐਵੇਂ ਹੀ ਕਹਿੰਦੇ ਹਨ ਕਿ ਬਖਸ਼ਿਸ਼ ਹੁੰਦੀ ਹੈ। ਐਸੇ ਕਰਮ ਮਾੜੇ ਹੋਏ ਕਿ ਜਿਹੜੀ ਜਮੀਨ ਪਚਾਸੀ ਲੱਖ ਦੀ ਖਰੀਦੀ ਸੀ ਉਹ ਵੀ ਸਸਤੇ ਭਾਅ ਬੈਅ ਕਰਕੇ ਉਸੇ ਕਾਰੋਬਾਰ ਤੇ ਲਗਾ ਦਿੱਤੀ। ਪੈਂਤੀ ਲੱਖ ਰੁਪਏ ਬੈਂਕ ਵਿੱਚ ਜਮ੍ਹਾਂ ਸੀ ਉਹ ਵੀ ਮੁੱਕ ਗਏ। ਹੁਣ ਇਸ ਵਕਤ ਉਸ ਕੋਲ ਇੱਕ ਦਮੜੀ ਵੀ ਨਹੀਂ ਹੈ। ਐਨਾ ਘਾਟਾ ਪਿਆ ਹੈ। ਇੱਕ ਮਕਾਨ ਹੈ ਉਹ ਵੀ ਵਿੱਕ ਰਿਹਾ ਹੈ ਹੁਣ ਉਹਨਾਂ ਨੇ ਆ ਕੇ ਕਿਹਾ ਕਿ ਸਾਡੇ ਵਾਸਤੇ ਅਰਦਾਸ ਕਰੋ। ਅਸੀਂ ਕਿਹਾ ਜਦੋਂ ਅਸੀਂ ਸੁਨੇਹਾ ਭੇਜਿਆ ਸੀ ਕਿ ਇਹ ਗੁਰੂ ਦੀ ਬਖਸ਼ਿਸ਼ ਨਾਲ ਆਇਆ ਹੈ ਅਕਲ ਨਾਲ ਨਹੀਂ ਆਇਆ ਕਿਤੇ ਕੋਈ ਭੁੱਲ ਜਾਂ ਗਲਤੀ ਨਾ ਕਰਿਉ।

*ਮਾਇਆਧਾਰੀ ਅਤਿ ਅੰਨਾ ਬੋਲਾ॥*

*ਸਬਦੁ ਨ ਸੁਣਈ ਬਹੁ ਰੋਲ ਘਚੋਲਾ॥ (ਅੰਗ 313)*

ਹੁਣ ਅਸੀਂ ਫੇਰ ਬੇਨਤੀ ਕਰਦੇ ਹਾਂ ਕਿ ਹਜ਼ੂਰ ਬਖਸ਼ਿਸ਼ ਕਰੋ ਪਰ ਹਉਮੈ ਕਰਨ ਨਾਲ ਕਰਮ ਬਣ ਜਾਂਦਾ ਹੈ ਅਤੇ ਉਹ ਕਰਮ ਐਕਸ਼ਨ ਕਰਦਾ ਹੈ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਮਨਮੁੱਖ

ਭੁੱਲ ਜਾਂਦੇ ਹਨ ਅਤੇ ਸੋਚਦੇ ਹਨ ਕਿ ਸਾਡਾ ਕੀਤਾ ਹੀ ਸਭ ਕੁਝ ਹੋ ਰਿਹਾ ਹੈ। ਪਰ ਗੁਰਮੁੱਖਾਂ ਕੋਲ ਚਾਹੇ ਸਭ ਕੁਝ ਆ ਵੀ ਜਾਵੇ ਫੇਰ ਵੀ ਉਹ ਕਹਿੰਦੇ ਹਨ ਕਿ ਸੱਚੇ ਪਾਤਿਸ਼ਾਹੋ!

*ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥*
*ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥੨੦੩॥*

*(ਅੰਗ 1375)*

ਅਸੀਂ ਬੇਨਤੀ ਕਰਦੇ ਹਾਂ ਕਿ ਕਰਮ ਜਰੂਰ ਐਕਸ਼ਨ ਕਰਦਾ ਹੈ। ਤੁਸੀਂ ਹੋਰ ਜੋ ਮਰਜੀ ਕਰ ਲਇਉ ਪਰ ਕੁਬਚਨ ਨਾ ਕਰਿਉ। ਜਦੋਂ ਜੀਵ ਕੁਬਚਨ ਕਰਦਾ ਹੈ ਫੇਰ ਦੁਨੀਆਂ ਵਿੱਚ ਉਸਦਾ ਕੋਈ ਸਹਾਰਾ ਨਹੀਂ ਬਣਦਾ। ਕੋਈ ਦੁੱਖ ਆਉਂਦਾ ਹੈ ਜਾਂ ਮਨ ਬੇ-ਭਾਵ ਹੁੰਦਾ ਹੈ ਤਦ ਚੁੱਪ ਕਰ ਜਾਉ ਪਰ ਮਨਮੁੱਖ ਨਾ ਬਣਿਉ। ਮਾਲਿਕ ਨੂੰ ਵਿਸਾਰ ਕੇ ਐਸੀ ਗਲਤੀ ਨਾ ਕਰਿਉ ਕਿ ਫੇਰ ਕੋਈ ਚਾਰਾ ਹੀ ਨਾ ਰਹਿ ਜਾਵੇ।

**ਗੁਰ ਕਾ ਸਬਦੁ ਮੇਰੈ ਅੰਤਰਿ ਧਿਆਨੁ॥**
**ਹਉ ਕਬਹੁ ਨ ਛੋਡਉ ਹਰਿ ਕਾ ਨਾਮੁ॥੧॥ ਰਹਾਉ॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਗੁਰੂ ਦੇ ਉਚਾਰਨ ਕੀਤੇ ਬਚਨ ਸਾਡੇ ਜ਼ਿਹਨ, ਦਿਮਾਗ ਵਿੱਚ ਬੈਠ ਜਾਣੇ ਚਾਹੀਦੇ ਹਨ ਅਤੇ ਸਾਨੂੰ ਭੁੱਲ ਕੇ ਵੀ ਗਲਤੀ ਨਹੀਂ ਕਰਨੀ ਚਾਹੀਦੀ। ਅਸੀਂ ਉਹਨਾਂ ਦੀ ਗੱਲ ਨਹੀਂ ਕਰਦੇ ਜੋ ਗੁਰਬਾਣੀ ਵੱਲ ਨਹੀਂ ਤੁਰੇ, ਚਾਹੇ ਕੋਈ ਬਿਜਨੈਸ ਮੈਨ ਹਨ, ਕਾਰਖਾਨੇਦਾਰ ਹਨ। ਜਿਹਨਾਂ ਕੋਲੋਂ ਸਰਕਾਰ ਨੇ ਪੈਸਾ ਲੈਣਾ ਹੈ ਚਾਹੇ ਦਸ ਰੁਪਏ ਹੀ ਲੈਣੇ ਹੋਣ ਉਹ ਸੌ ਰੁਪਏ ਦੀਆਂ ਟਿਕਟਾਂ ਚਾਹੇ ਲਗਾ ਦੇਣ ਪਰ ਦਸ ਰੁਪਏ ਲੈਣ ਲਈ ਸੰਮਣ ਜਾਂ ਉਂਝ ਹੀ ਬੁਲਾਈ ਜਾਂਦੇ ਹਨ। ਕਿਉਂਕਿ ਗੋਰਮਿੰਟ ਇਹ ਸੋਚਦੀ ਹੈ ਕਿ ਅਗਰ ਮੈਂ ਇਸ ਨੂੰ ਦੱਸ ਰੁਪਏ ਛੱਡ ਦਿੱਤੇ ਤਦ ਸਾਰਿਆਂ ਨੇ ਨਹੀਂ ਦੇਣੇ। ਇਸ ਲਈ ਉਹ ਦਸਾਂ ਰੁਪਇਆਂ ਉੱਪਰ ਸੌ ਰੁਪਏ ਲਗਾ ਦਿੰਦੇ ਹਨ ਪਰ ਆਪਣੇ ਦੱਸ ਰੁਪਏ ਵਸੂਲ ਕਰਕੇ ਛੱਡਦੇ ਹਨ। ਇਸ ਤਰ੍ਹਾਂ ਜਿਸ ਦਾਤੇ ਨੇ ਬਖਸ਼ਿਸ਼ ਕੀਤੀ ਹੈ ਜਦੋਂ ਉਸ ਨੂੰ ਵਿਸਰਦੇ ਹਾਂ ਜਾਂ ਬੇਮੁੱਖ ਹੁੰਦੇ ਹਾਂ ਤਾਂ ਉਹ ਖਹਿੜਾ ਨਹੀਂ ਛੱਡਦੇ। ਜੀਵ ਨੌਕਰੀ ਕਰਦਾ ਹੋਇਆ ਭਗੌੜਾ ਹੋ ਜਾਂਦਾ ਹੈ ਤਾਂ ਉਹ ਬੇਮੁੱਖ ਹੀ ਹੋਇਆ। ਫੇਰ ਰਿਕਵਰੀ ਹੋਣੀ ਹੀ ਹੈ, ਰਗੜਾ ਵੱਜਣਾ ਹੀ ਹੈ। ਇਸ ਕਰਕੇ ਜਿਸ ਘਰ ਵਿੱਚੋਂ ਦਾਤ ਮਿਲੀ ਹੋਵੇ ਅਸੀਂ ਇਹ ਨਹੀਂ ਕਹਿੰਦੇ ਕਿ ਇੱਥੋਂ ਮਿਲੀ ਜਾਂ ਹੋਰ ਕਿਤਿਉਂ ਮਿਲੀ। ਤੁਸੀਂ ਚਾਹੇ ਕਿਤੇ ਵੀ ਗੁਰੂ ਘਰ ਜਾਂਦੇ ਹੋ, ਜਿਸ ਇਸ਼ਟ ਨੂੰ ਮੰਨਦੇ ਹੋ ਉਸ ਤੋਂ ਨਾ ਭਟਕਿਉ। ਚਾਹੇ ਕੋਈ ਬਿਆਸ ਜਾਂਦਾ ਹੈ, ਕੋਈ ਤਰਨਤਾਰਨ ਜਾਂ ਕਿਸੇ ਹੋਰ ਸੰਸਥਾਂ ਵਿੱਚ ਜਾਂਦਾ ਹੈ ਉਹ ਕਦੇ ਵੀ ਆਪਣੇ ਇਸ਼ਟ ਤੋਂ ਨਾ ਡਿੱਗੇ। ਐਸੇ ਵਿਸ਼ਵਾਸ ਵਾਸਤੇ ਅਸੀਂ ਰੋਜਾਨਾ ਬੇਨਤੀ ਕਰਦੇ ਹਾਂ ਪਰ ਅਸੀਂ ਅਮਲ ਨਹੀਂ ਕਰਦੇ। ਕਿਉਂਕਿ ਜਿੰਨੀ ਵਾਰ ਆਪਾਂ ਕਹਿੰਦੇ ਹਾਂ ਕਿ

*ਜੇ ਤੁ ਤੁਠਾਂ ਕ੍ਰਿਪਾ ਨਿਧਾਨ ਨਾ ਦੂਜਾ ਵੇਖਾਲਿ॥*
*ਏਹਾ ਪਾਈ ਮੂ ਦਾਤੜੀ ਨਿਤ ਹਿਰਦੈ ਰਖਾ ਸਮਾਲਿ॥੩॥*

*(ਅੰਗ 761)*

ਇਸ ਬੇਨਤੀ ਦਾ ਲਕਸ਼ ਇਹੋ ਹੀ ਹੈ ਕਿ ਹਜ਼ੂਰ ਅਗਰ ਤੁਸੀਂ ਸਾਨੂੰ ਗੁਰਬਾਣੀ ਵੱਲ ਲਾ ਦਿੱਤਾ ਹੈ ਤਾਂ ਹੁਣ ਡਿੱਗਣ ਜਾਂ ਭਟਕਣ ਨਾ ਦਿਉ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਗੁਰਬਾਣੀ ਦੇ ਬਚਨ ਸੰਭਾਲ ਕੇ ਰੱਖਣੇ ਚਾਹੀਦੇ ਹਨ ਅਤੇ ਮਾਲਿਕ ਨੂੰ ਬੇਨਤੀ ਕਰਨੀ ਚਾਹੀਦੀ ਹੈ ਕਿ

*ਤੂੰ ਨਾ ਵਿਸਾਰੀਂ ਮੈਨੂੰ ਸਾਹਿਬਾ।*
*ਜੇ ਮੈਂ ਭੁੱਲ ਕੇ ਵੀ ਤੈਨੂੰ ਵਿਸਾਰ ਦਿਆਂ।*

**ਪਿਤਾ ਪ੍ਰਹਲਾਦੁ ਪੜਣ ਪਠਾਇਆ॥**
**ਲੈ ਪਾਟੀ ਪਾਧੇ ਕੈ ਆਇਆ॥**

ਹੁਣ ਅਸੀਂ ਸੋਚਦੇ ਹਾਂ ਕਿ ਮੇਰੇ ਦੋਸਤ, ਮਿੱਤਰ, ਰਿਸ਼ਤੇਦਾਰ, ਮਾਂ-ਪਿਓ, ਮੇਰੀਆਂ ਭੈਣਾਂ, ਭਣਵਈਏ, ਚਾਚੇ, ਤਾਏ ਰੁੱਸ ਜਾਣਗੇ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਪ੍ਰਹਿਲਾਦ ਦਾ ਪਿਤਾ ਰਾਜਾ ਸੀ, ਮਹਾਰਾਜਾ ਸੀ। ਸਭ ਦੁਨੀਆਂ ਵਿੱਚ ਉਸ ਦਾ ਹੁਕਮ ਚੱਲਦਾ ਸੀ।

*ਜਲੇ ਹਰਨਾਖਸ਼ ਥਲੇ ਹਰਨਾਖਸ਼।*
ਉਸ ਨੇ ਵਰ ਲੈ ਲਿਆ ਸੀ ਕਿ
*ਨ ਦਿਨੇ ਮਰਾਂ ਨਾ ਰਾਤ ਮਰਾਂ।*
*ਨ ਜ਼ਿੰਮੀ ਮਰਾਂ ਨਾ ਅਸਮਾਨ ਮਰਾਂ।*
*ਨਾ ਅੰਦਰ ਮਰਾਂ ਨਾ ਬਾਹਰ ਮਰਾਂ।*
*ਨ ਹਥਿਆਰ ਨਾਲ ਮਰਾਂ ਨਾ ਪੰਛੀ ਨਾਲ ਮਰਾਂ।*
*ਨ ਜਲ ਵਿੱਚ ਮਰਾਂ ਨ ਥਲ ਵਿੱਚ ਮਰਾਂ।*

ਹਰਨਾਖਸ਼ ਨੇ ਐਨੇ ਵਰ ਲਏ ਹੋਏ ਸੀ। ਉਸ ਦੇ ਕੋਲ ਸਭ ਕੁਝ ਸੀ ਪਰ ਪੁੱਤਰ ਨੇ ਪਿਤਾ ਦੇ ਵਿਰੁੱਧ ਬਗਾਵਤ ਕੀਤੀ। ਪ੍ਰਹਿਲਾਦ ਨੇ ਆਪਣੇ ਪਿਤਾ ਨੂੰ ਕਿਹਾ ਕਿ ਮੈਂ ਰਾਮ ਨਾਮ ਨਹੀਂ ਛੱਡਣਾ ਤੇਰਾ ਰਾਜ ਭਾਗ ਛੱਡਿਆ। ਇਸ ਤੋਂ ਵੱਡੀ ਗੱਲ ਹੋਰ ਕੀ ਹੋ ਸਕਦੀ ਹੈ। ਉਸ ਦਾ ਬਾਪ ਉਸ ਨੂੰ ਤਲਵਾਰ ਨਾਲ ਕੱਟਣ ਲੱਗਾ ਤਾਂ ਮਾਂ ਨੇ ਕਿਹਾ ਐਸਾ ਨਾ ਕਰ। ਲੋਕ ਤੈਨੂੰ ਦੁਰਕਾਰਨਗੇ। ਇਸ ਨੂੰ ਮਾਰਨ ਦਾ ਕੋਈ ਹੋਰ ਤਰੀਕਾ ਲੱਭ। ਸਾਨੂੰ ਸਭ ਨੂੰ ਪਤਾ ਹੈ ਕਿ ਤੱਤੇ ਥੰਮ੍ਹ ਬਣਾਏ ਗਏ ਅਤੇ ਪ੍ਰਹਿਲਾਦ ਨੂੰ ਕਿਹਾ ਕਿ ਤੂੰ ਇਸ ਨੂੰ ਜੱਫੀ ਪਾ। ਆਪਣੇ ਆਪ ਸੜ ਕੇ ਮਰ ਜਾਏਗਾ ਫੇਰ ਕੋਈ ਇਹ ਤਾਂ ਨਹੀਂ ਕਹੇਗਾ ਕਿ ਪਿਤਾ ਨੇ ਪੁੱਤਰ ਦਾ ਕਤਲ ਕੀਤਾ ਹੈ। ਪੁੱਤ ਕਪੁੱਤ ਹੁੰਦੇ ਹਨ ਪਰ ਅਸੀਂ ਮਾਪੇ ਕੁਮਾਪੇ ਨਾ ਹੋਈਏ। ਇਸੇ ਤਰ੍ਹਾਂ ਕੀਤਾ ਗਿਆ। ਜਦੋਂ ਪ੍ਰਹਿਲਾਦ ਡੋਲਣ ਲੱਗਾ ਤਦ ਭਗਵਾਨ ਕੀੜੀ ਬਣ ਕੇ ਥੰਮ੍ਹ ਉੱਪਰ ਆ ਗਏ। ਪ੍ਰਹਿਲਾਦ ਦੇ ਮਨ ਵਿੱਚ ਆਇਆ ਕਿ ਜੇਕਰ ਕੀੜੀ ਨੂੰ

ਸੇਕ ਨਹੀਂ ਪਹੁੰਚ ਰਿਹਾ ਤਾਂ ਮੈਨੂੰ ਕਿਵੇਂ ਪਹੁੰਚੇਗਾ।

*ਪਾ ਲੈ ਤੱਤਿਆਂ ਥੰਮ੍ਹਾਂ ਨੂੰ ਜੱਫੀਆਂ*

*ਆਪੇ ਤੈਨੂੰ ਰਾਮ ਰੱਖ ਲਊ।*

ਸਾਡੇ ਨਾਲ ਇਹ ਮਾਰਨ ਜਾਂ ਸਾੜਨ ਵਾਲੀ ਘਟਨਾ ਤਾਂ ਨਹੀਂ ਵਾਪਰਦੀ। ਹਜ਼ੂਰ ਨੇ ਮਿਸਾਲ ਦਿੱਤੀ ਹੈ। ਪ੍ਰਹਿਲਾਦ ਨੂੰ ਪੜ੍ਹਨ ਭੇਜ ਦਿੱਤਾ ਗਿਆ। ਉੱਥੇ ਪੜ੍ਹਾਇਆ ਗਿਆ ਕਿ ਬੋਲੋ

*ਹੈ ਭੀ ਹਰਨਾਖਸ਼ ਹੋਸੀ ਹਰਨਾਖਸ਼।*

ਪ੍ਰੰਤੂ ਪ੍ਰਹਿਲਾਦ ਨੇ ਕਿਹਾ ਕਿ

*ਰਾਮ-ਰਾਮ ਹਰੀ-ਹਰੀ ਦੱਬ ਕੇ ਬੋਲੋ ਹਰੀ-ਹਰੀ।*

ਪਰ ਪ੍ਰਹਿਲਾਦ ਨੇ ਉਸ ਹਰੀ ਨਾਲ ਲਿਵ ਲਾ ਕੇ ਰੱਖੀ। ਤਦੇ ਕਿਹਾ ਗਿਆ ਹੈ ਕਿ

*ਰਾਮ ਜਪਹੁ ਜੀਅ ਐਸੇ ਐਸੇ*

*ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥੧॥ (ਅੰਗ 337)*

**ਨਾਮ ਬਿਨਾ ਨਹ ਪੜਉ ਅਚਾਰ ॥**

**ਮੇਰੀ ਪਟੀਆ ਲਿਖਿ ਦੇਹੁ ਗੋਬਿੰਦ ਮੁਰਾਰਿ ॥੨॥**

ਪ੍ਰਹਿਲਾਦ ਦੇ ਅਧਿਆਪਕ ਕਹਿਣ ਲੱਗੇ ਕਿ ਤੂੰ ਹਰਨਾਖਸ਼ ਦਾ ਨਾਮ ਜਪ ਉਹ ਤੇਰੇ ਪਿਤਾ ਜੀ ਹਨ। ਤੈਨੂੰ ਉਹਨਾਂ ਦਾ ਰਾਜ-ਭਾਗ ਸਭ ਕੁਝ ਮਿਲਣਾ ਹੈ। ਪ੍ਰਹਿਲਾਦ ਕਹਿਣ ਲੱਗਾ ਅਗਰ ਮੇਰੀ ਫੱਟੀ ਉੱਪਰ ਉਸ ਗੋਪਾਲ ਅਰਥਾਤ ਸ੍ਰਿਸ਼ਟੀ ਦੀ ਪਾਲਣਹਾਰ ਤਾਕਤ ਦਾ ਨਾਮ ਲਿਖਣਾ ਹੈ ਮੈਂ ਤਦ ਪੜ੍ਹਾਂਗਾ ਵਰਨਾ ਮੈਂ ਕੁਝ ਨਹੀਂ ਪੜ੍ਹਨਾ। ਜੇ ਸਤਿਨਾਮੁ, ਵਾਹਿਗੁਰੂ, ਰਾਮ-ਰਾਮ, ਅੱਲਾਹ, ਗਾਡ ਲਿਖੇਂਗਾ ਤਦ ਮੈਂ ਪੜ੍ਹਾਂਗਾ ਵਰਨਾ ਮੈਂ ਕੁਝ ਨਹੀਂ ਪੜ੍ਹਨਾ। ਬੜਾ ਵਾਦ-ਵਿਵਾਦ ਖੜਾ ਹੋਇਆ। ਤੁਸੀਂ ਸਭ ਨੇ ਟੀ.ਵੀ. ਉੱਪਰ ਫਿਲਮਾਂ ਜਾਂ ਸੀਰੀਅਲਾਂ ਵਿੱਚ ਦੇਖਿਆ ਹੋਵੇਗਾ। ਪਹਿਲੇ ਸਮੇਂ ਤੋਂ ਲੈ ਕੇ ਪ੍ਰਹਿਲਾਦ ਜਾਂ ਹੋਰ ਜਿਸ ਕਿਸੇ ਨੇ ਵੀ ਭਗਤੀ ਕੀਤੀ ਉਸ ਨੂੰ ਕਸ਼ਟ ਸਹਿਣੇ ਪਏ। ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨੂੰ ਤੱਤੀਆਂ ਲੋਹਾਂ ਉੱਪਰ ਬਿਠਾਇਆ ਗਿਆ ਸੀ। ਪਰ ਫੇਰ ਵੀ ਉਹ ਗੁਰਬਾਣੀ ਦੀ ਜੋ ਬਖਸ਼ਿਸ਼ ਕਰ ਗਏ ਅਗਰ ਉਹ ਨਾ ਕਰਦੇ ਤਦ ਅਸੀਂ ਦੁਨੀਆਂ ਵਿੱਚੋਂ ਔਂਤਰ ਜਾਂਦੇ।

**ਪੁਤ੍ਰ ਪ੍ਰਹਿਲਾਦ ਸਿਉ ਕਹਿਆ ਮਾਇ ॥**

**ਪਰਵਿਰਤਿ ਨ ਪੜਹੁ ਰਹੀ ਸਮਝਾਇ ॥**

ਜਦੋਂ ਪਿਤਾ ਨੇ ਕਿਹਾ ਕਿ ਪ੍ਰਹਿਲਾਦ ਸਾਰੀ ਦੁਨੀਆਂ ਨੂੰ ਵਿਗਾੜ ਰਿਹਾ ਹੈ ਮੇਰੇ ਘਰ ਬਾਗੀ ਪੁੱਤਰ ਜੰਮ ਪਿਆ ਹੈ। ਤਦ ਮਾਂ ਨੇ ਬੁਲਾ ਕੇ ਸਮਝਾਇਆ ਪੁੱਤਰ! ਆਪਣੇ ਪਿਤਾ ਦੇ ਉਲਟ ਨਾ ਚੱਲ, ਇਸ ਦੇ ਨਤੀਜੇ ਬਹੁਤ ਮਾੜੇ ਨਿਕਲਣਗੇ, ਨੁਕਸਾਨ ਹੋਵੇਗਾ।

**ਨਿਰਭਉ ਦਾਤਾ ਹਰਿ ਜੀਉ ਮੇਰੈ ਨਾਲਿ ॥**

**ਜੇ ਹਰਿ ਛੋਡਉ ਤਉ ਕੁਲਿ ਲਾਗੈ ਗਾਲਿ ॥੩॥**

ਪ੍ਰਹਿਲਾਦ ਕਹਿਣ ਲੱਗਾ ਐ ਮਾਤਾ! ਮੇਰੀ ਪਾਲਣਹਾਰ ਤਾਕਤ ਮੇਰੇ ਨਾਲ ਹੈ। ਜੇ ਮੈਂ ਅੱਜ ਰਾਮ ਨਾਮ ਦਾ ਜਾਪ ਛੱਡਦਾ ਹਾਂ ਤਦ ਕੁਲ ਨੂੰ ਲਾਜ ਲੱਗੇਗੀ। ਪਰ ਜੇਕਰ ਮੈਂ ਰਾਮ ਦਾ ਨਾਮ ਜਪਦਾ ਹਾਂ ਫੇਰ ਮੇਰੀ ਕੁੱਲ ਉੱਚੀ ਹੋਵੇਗੀ। ਇਸ ਕਰਕੇ ਮੈਂ ਹੁਣ ਉਸ ਮਾਲਿਕ ਨੂੰ ਨਹੀਂ ਛੱਡਣਾ ਅਤੇ ਮੈਂ ਜਿੱਥੇ ਵੀ ਜਾਂਦਾ ਹਾਂ ਹਜ਼ੂਰ ਮੇਰੇ ਨਾਲ ਹੁੰਦੇ ਹਨ।

**ਪ੍ਰਹਿਲਾਦਿ ਸਭਿ ਚਾਟੜੇ ਵਿਗਾਰੇ ॥**

**ਹਮਾਰਾ ਕਹਿਆ ਨ ਸੁਣੈ ਆਪਨੇ ਕਾਰਜ ਸਵਾਰੇ ॥**

ਅਧਿਆਪਕਾਂ, ਪਹਿਰੇਦਾਰਾਂ ਅਤੇ ਜਰਨੈਲਾਂ ਨੇ ਆ ਕੇ ਕਿਹਾ ਕਿ ਜਿੰਨੇ ਵੀ ਬੱਚੇ ਪੜ੍ਹਨ ਆਉਂਦੇ ਹਨ ਇਸ ਨੇ ਸਾਰੇ ਵਿਗਾੜ ਦਿੱਤੇ ਹਨ। ਜੋ ਇਸ ਦੀ ਮਰਜੀ ਆਉਂਦੀ ਹੈ ਉਹੋ ਹੀ ਕਰਦਾ ਹੈ ਇਸ ਕਰਕੇ ਇਸ ਦਾ ਕੋਈ ਹੱਲ ਕੱਢੋ।

**ਸਭ ਨਗਰੀ ਮਹਿ ਭਗਤਿ ਦ੍ਰਿੜਾਈ ॥**

**ਦੁਸਟ ਸਭਾ ਕਾ ਕਿਛੁ ਨ ਵਸਾਈ ॥੪॥**

ਜਦੋਂ ਥੰਮ੍ਹ ਨੂੰ ਜੱਫੀ ਪਾਈ ਅਤੇ ਥੰਮ੍ਹ ਠੰਡੇ ਹੋ ਗਏ ਤਦ ਸਾਰੇ ਰਾਜ ਦਰਬਾਰ ਵਿੱਚ ਉਸ ਅਕਾਲ ਪੁਰਖ, ਰਾਮ, ਅੱਲਾਹ, ਗਾਡ ਦੀ ਜੈ-ਜੈ ਕਾਰ ਹੋਈ ਅਤੇ ਦੁਸ਼ਟਾਂ ਨੂੰ ਮੂੰਹ ਦੀ ਖਾਣੀ ਪਈ। ਇਸ ਤੋਂ ਲਕਸ਼ ਇਹ ਹੈ ਕਿ ਜੋ ਤੁਹਾਡੇ ਨਾਲ ਵਿਰੋਧਤਾ ਕਰਨਗੇ ਚਾਹੇ ਉਹ ਪਰਿਵਾਰ ਹੈ ਜਾਂ ਲੋਕ ਹਨ। ਜਦੋਂ ਤੁਹਾਡੇ ਉੱਪਰ ਬਖਸ਼ਿਸ਼ ਹੋਵੇਗੀ, ਅਕਾਲ ਪੁਰਖ ਵਾਹਿਗੁਰੂ ਤੁਹਾਨੂੰ ਖੁੱਲ੍ਹੇ ਗੱਫੇ ਦੇਣਗੇ ਤਾਂ ਈਰਖਾ ਕਰਨ ਵਾਲਿਆਂ ਨੂੰ ਮੂੰਹ ਦੀ ਖਾਣੀ ਪਵੇਗੀ। ਇਹ ਠੀਕ ਹੈ ਕਿ ਖੇਤ ਵਾਹ ਕੇ, ਪਾਣੀ ਦੇ ਕੇ, ਬੀਜ ਪਾ ਕੇ, ਗੋਡੀ ਕਰਕੇ ਫਸਲ ਸੰਭਾਲਣੀ ਪੈਂਦੀ ਹੈ। ਜੇ ਹਜ਼ੂਰ ਫਸਲ ਸਹੀ ਸਲਾਮਤ ਕਰ ਦੇਣ ਫੇਰ ਖੁਸ਼ੀ ਬਹੁਤ ਹੁੰਦੀ ਹੈ ਕਿ ਸਾਨੂੰ ਸਾਡੀ ਮਿਹਨਤ ਦਾ ਫਲ ਮਿਲਿਆ ਹੈ। ਸਾਧੂ ਕਿਸੇ ਵਕਤ ਗੁੱਸੇ ਹੁੰਦੇ ਹਨ ਕਿਸੇ ਵਕਤ ਠੰਡੇ ਹੁੰਦੇ ਹਨ। ਅੱਗ ਲੱਗੀ ਦੇਖ ਕੇ ਉਹ ਚਾਹੇ ਗਰਮ ਪਾਣੀ ਪਾਉਣ ਜਾਂ ਠੰਡਾ ਪਾਉਣ ਅੱਗ ਨੂੰ ਜਰੂਰ ਬੁਝਾਉਂਦੇ ਹਨ। ਤੁਸੀਂ ਸਮਝ ਲਓ ਕਿ ਜਿਸ ਦਿਨ ਤੁਹਾਨੂੰ ਝਿੜਕ ਪੈਂਦੀ ਹੈ ਤੁਹਾਡਾ ਵੱਡਾ ਕਰਮ ਟਲ ਜਾਂਦਾ ਹੈ। ਵਰਨਾ ਬਾਬਿਆਂ, ਸਾਧੂਆਂ ਸੰਤਾਂ ਨੂੰ ਕਿਸੇ ਨੂੰ ਕੁਝ ਕਹਿਣ ਦੀ ਕੀ ਲੋੜ ਹੈ? ਕੋਈ ਡਿੱਗੇ ਜਾਂ ਨਾ ਡਿੱਗੇ। ਪਰ ਐਸਾ ਨਹੀਂ ਹੈ। ਅਗਰ ਤੁਹਾਡਾ ਬੱਚਾ ਸ਼ਰਾਬ ਪੀਂਦਾ ਹੋਵੇ, ਨਸ਼ੇ ਕਰਦਾ ਹੋਵੇ, ਅਫੀਮ ਖਾਂਦਾ ਹੋਵੇ ਤਦ ਕੀ ਤੁਸੀਂ ਬਰਦਾਸ਼ਤ ਕਰੋਗੇ? ਤੁਸੀਂ ਰਿਸ਼ਤੇਦਾਰਾਂ, ਸਾਧੂ ਸੰਤਾਂ ਅਤੇ ਲੋਕਾਂ ਕੋਲ ਦੁਹਾਈਆਂ ਪਾਵੋਗੇ ਕਿ ਓਏ ਲੋਕੋ! ਮੇਰਾ ਬੱਚਾ ਗਲਤ ਸੁਸਾਇਟੀ ਵਿੱਚ ਪੈ ਗਿਆ ਹੈ। ਬਾਬਾ ਜੀ! ਮੇਰਾ ਬੱਚਾ ਗਲਤ ਕਰਮ ਕਰਨ ਲੱਗ ਪਿਆ ਹੈ। ਕਿਸੇ ਤਰ੍ਹਾਂ ਬਚਾਉ। ਇਸੇ ਤਰ੍ਹਾਂ ਜਦੋਂ ਸੰਗਤ ਗਲਤ ਰਸਤੇ ਜਾਂਦੀ ਹੈ ਅਤੇ ਸਾਧੂਆਂ ਨੂੰ ਆਉਣ ਵਾਲਾ ਸਮਾਂ ਦਿਸਦਾ

ਹੁੰਦਾ ਹੈ ਕਿ ਭਵਿੱਖ ਵਿੱਚ ਇਸ ਨਾਲ ਗਲਤ ਹੋਵੇਗਾ, ਇਸ ਦਾ ਨੁਕਸਾਨ ਹੋਵੇਗਾ ਤਦ ਸਾਧੂਆਂ ਨੂੰ ਦੁੱਖ ਹੁੰਦਾ ਹੈ । ਇਸ ਕਰਕੇ ਇਹ ਕਦੇ ਵੀ ਨਾ ਸੋਚੋ ਕਿ ਝਿੜਕਣ ਵਿੱਚ ਉਹਨਾਂ ਨੂੰ ਕੁਝ ਮਿਲਦਾ ਹੈ। ਉਹ ਬਾਅਦ ਵਿੱਚ ਪਛਤਾਉਂਦੇ ਹਨ ਕਿ ਆਪਾਂ ਨੂੰ ਇੰਝ ਕਹਿਣ ਦੀ ਕੀ ਲੋੜ ਸੀ। ਪਰ ਤੁਸੀਂ ਦੇਖ ਲਇਉ ਜਦੋਂ ਵੀ ਅਸੀਂ ਮਨਮੁੱਖ ਬਣਾਂਗੇ ਸਾਡਾ ਨੁਕਸਾਨ ਹੋਵੇਗਾ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਆਪਾਂ ਪ੍ਰਹਿਲਾਦ ਬਣੀਏ ਮਨਮੁੱਖ ਨਾ ਬਣੀਏ। ਜਦੋਂ ਅਸੀਂ ਪ੍ਰਹਿਲਾਦ ਬਣ ਕੇ ਮਾਲਿਕ ਦੇ ਚਰਨਾਂ ਵਿੱਚ ਲੱਗਾਂਗੇ ਫੇਰ ਸਾਰੀ ਦੁਨੀਆਂ ਵਿੱਚ ਜੈ-ਜੈ ਕਾਰ ਹੋਵੇਗੀ ਫੇਰ

*ਜਿਨ੍ ਨਾਨਕੁ ਸਤਿਗੁਰੁ ਪੂਜਿਆ*
*ਤਿਨ ਹਰਿ ਪੂਜ ਕਰਾਵਾ॥੨॥ (ਅੰਗ 450)*

ਜੋ ਵੀ ਗੁਰਬਾਣੀ ਦਾ ਸਤਿਕਾਰ ਕਰਦਾ ਹੈ ਦੁਨੀਆਂ ਉਸ ਦੀ ਪੂਜਾ ਕਰਦੀ ਆਈ ਹੈ ਅਤੇ ਅਗਾਂਹ ਵੀ ਕਰਦੀ ਰਹੇਗੀ।

# ਸਤਿਸੰਗ

**ਸਲੋਕ ਮ:੪॥** (ਅੰਗ 314)

**ਇਹੁ ਮਨੂਆ ਦ੍ਰਿੜ ਕਰਿ ਰਖੀਐ**
**ਗੁਰਮੁਖਿ ਲਾਈਐ ਚਿਤੁ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਸੋਢੀ ਸੁਲਤਾਨ ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਜਦੋਂ ਵੀ ਮਾੜਾ ਸਮਾਂ ਆਉਣਾ ਹੈ ਤੁਹਾਨੂੰ ਡਾਵਾਂਡੋਲੀ ਹੋਣੀ ਹੈ। ਲੋਕਾਂ ਨੇ ਗੱਲਾਂ ਬਾਤਾਂ ਕਰਨੀਆਂ ਹਨ। ਉਸ ਵਕਤ ਤੁਸੀਂ ਡੋਲਿਉ ਨਾ, ਘਬਰਾਇਉ ਨਾ। ਤੁਸੀਂ ਗੁਰਮੁਖਾਂ ਦੀਆਂ ਸਾਖੀਆਂ ਪੜੋ, ਗੁਰਮੁਖਾਂ ਦੀ ਸੰਗਤ ਕਰੋ, ਗੁਰਭਾਈਆਂ ਨੂੰ ਮਿਲੋ ਕਿਉਂਕਿ ਜਦੋਂ ਵੀ ਤੁਹਾਨੂੰ ਕੋਈ ਗੁਰਭਾਈ ਮਿਲਦਾ ਹੈ ਤਦ ਗੁਰੂ ਦੇ ਬਚਨ ਕਰਨ ਨਾਲ ਆਪਣੇ ਆਪ ਬੈਟਰੀ ਚਾਰਜ ਹੋ ਜਾਂਦੀ ਹੈ। ਮਾਲਿਕ ਦੇ ਬਚਨ ਵੀ ਸੁਣਦੇ ਹਾਂ। ਹੁਣ ਹਜ਼ੂਰ ਦੀ ਬਹੁਤ ਬਖਸ਼ਿਸ ਹੈ ਹਜ਼ੂਰ ਨੇ ਗੱਡੀਆਂ ਬਖਸ਼ੀਆਂ ਹਨ। ਪਰ ਪਹਿਲਾਂ ਕਈ ਵਾਰ ਸਾਡੇ ਮੋਟਰ ਸਾਈਕਲ ਦੀ ਬੈਟਰੀ ਖਰਾਬ ਹੋ ਜਾਣੀ ਤਾਂ ਹਾਰਨ ਨਾ ਵੱਜਣਾ। ਪਰ ਕਈ ਵਾਰ ਬੈਟਰੀ ਠੀਕ ਹੋਣੀ ਤਦ ਵੀ ਹਾਰਨ ਨਾ ਵੱਜਣਾ। ਮਕੈਨਿਕ ਨੇ ਕਹਿਣਾ ਕਿ ਕਾਰਬਣ ਜੰਮਣ ਕਾਰਨ ਹਾਰਨ ਨਹੀਂ ਵੱਜਦਾ। ਉਸ ਨੇ ਉਸ ਨੂੰ ਬਾਹਰ ਕੱਢ ਕੇ ਰੇਗਮਾਰ ਮਾਰਨਾ ਜਾਂ ਬੈਟਰੀ ਚਾਰਜ ਕਰਨੀ ਤਦ ਹਾਰਨ ਵੱਜਣ ਲੱਗ ਪੈਣਾ। ਜਦੋਂ ਵੀ ਕੋਈ ਐਸਾ ਸੰਕਟ ਬਣੇ ਜਾਂ ਕੋਈ ਦੁੱਖ ਆਵੇ ਉਦੋਂ ਗੁਰੂ ਪਿਆਰਿਆਂ ਦੀ ਸੰਗਤ ਵਿੱਚ ਬੈਠੋ ਅਤੇ ਉਸ ਨੂੰ ਕਹੋ ਕਿ ਹਜ਼ੂਰ ਦੇ ਬਚਨ ਚਾਹੇ ਸੁਣ ਲੈ ਜਾਂ ਸੁਣਾ ਦੇ। ਜਦੋਂ ਐਸਾ ਕਰਾਂਗੇ ਫੇਰ ਹਜ਼ੂਰ ਜੋ ਬਖਸ਼ਿਸ ਕਰਨਗੇ ਉਸ ਬਾਰੇ ਅੱਗੇ ਭੇਦ ਦਰਜ ਹੈ।

**ਕਿਉ ਸਾਸਿ ਗਿਰਾਸਿ ਵਿਸਾਰੀਐ**
**ਬਹਦਿਆ ਉਠਦਿਆ ਨਿਤ॥**

ਪਰ ਨਾਲ ਦੀ ਨਾਲ ਸਾਸ ਗਿਰਾਸ ਨਾਲ ਅਰਥਾਤ ਰੋਟੀ ਖਾਣ ਲੱਗਿਆਂ ਵੀ ਇੱਕ ਸਕਿੰਟ ਹੱਥ ਜੋੜ ਕੇ ਸਿਮਰਨ ਕਰ ਲਉ ਅਤੇ ਅਰਦਾਸ ਕਰ ਦਿਉ ਕਿ ਸੱਚੇ ਪਾਤਿਸ਼ਾਹੋ! ਕਿਰਪਾ ਕਰੋ, ਮੇਰੇ ਕਰਮ ਨਾ ਦੇਖਿਉ, ਮੈਂ ਭੁੱਲ ਗਿਆ ਹਾਂ।

*ਜੇ ਹਉ ਭੁਲ ਵਿਗਾੜਿਆ ਨਾ ਕਰ ਮੈਲਾ ਚਿਤ॥*
*ਸਾਹਿਬ ਗਉਰਾ ਲੋੜੀਐ ਨਫਰ ਵਿਗਾੜੇ ਨਿਤ॥*

ਸਵਾਸ ਸਵਾਸ ਨਾਲ ਮਾਲਿਕ ਨੂੰ ਧਿਆਉ। ਫੇਰ ਐਸਾ ਨਹੀਂ ਕਿ ਹਫਤੇ ਬਾਦ ਆ ਕੇ ਸਤਿਸੰਗ ਸੁਣ ਲੈਣਾ ਹੈ ਜਾਂ ਮਹੀਨੇ ਬਾਦ ਸੰਗ੍ਰਾਂਦ ਦਾ ਸਤਿਸੰਗ ਸੁਣ ਲਿਆ ਜਾਂ ਗੁਰਪੁਰਬ ਤੇ ਆ ਕੇ ਸੁਣ ਲਿਆ। ਬਲਕਿ ਬੈਠਦਿਆਂ ਉੱਠਦਿਆਂ ਉਸ ਮਾਲਿਕ ਦਾ ਜਾਪ ਕਰੋ। ਉੱਠਣ ਲੱਗਿਆਂ ਹੰਭਲੇ ਕਹਿਣ ਦੀ ਜਗ੍ਹਾ ਸਤਿਨਾਮੁ ਸਤਿਗੁਰੂ, ਵਾਹਿਗੁਰੂ ਕਹਿ ਕੇ ਉੱਠੋ। ਜਦੋਂ ਤੁਸੀਂ ਉੱਠਣ ਲੱਗਿਆਂ ਅਤੇ ਬੈਠਣ ਲੱਗਿਆਂ ਯਾਦ ਕਰ ਲਿਆ ਫੇਰ ਦੇਖੋ ਤੁਸੀਂ ਦਿਨ ਵਿੱਚ ਦੋ-ਚਾਰ ਵਾਰ ਉਠੋਗੇ ਅਤੇ ਬੈਠੋਗੇ। ਤੁਸੀਂ ਲਗਾਤਾਰ ਤੁਰੇ ਤਾਂ ਨਹੀਂ ਫਿਰਦੇ। ਤੁਸੀਂ ਕਦੇ ਮੰਜੇ ਉੱਪਰ ਬੈਠੋਗੇ, ਕਦੇ ਟਰੈਕਟਰ ਉੱਪਰ, ਕਦੇ ਗੱਡੀ ਵਿੱਚ ਬੈਠੋਗੇ। ਜੇਕਰ ਤੁਸੀਂ ਹੋਰ ਸਿਮਰਨ ਨਾ ਕਰਕੇ ਉੱਠਦਿਆਂ ਬੈਠਦਿਆਂ ਹੀ ਮਾਲਿਕ ਦਾ ਸਿਮਰਨ ਕਰ ਲਉ ਫੇਰ ਵੀ ਹਾਜਰੀ ਲੱਗ ਜਾਵੇਗੀ। ਫੇਰ ਇਸ ਤਰ੍ਹਾਂ ਰੋਜ-ਰੋਜ ਕਰੋ। ਤੁਸੀਂ ਕਿਸੇ ਦਿਨ ਤਜਰਬਾ ਕਰਕੇ ਦੇਖ ਲਇਉ ਕਿ ਤੁਸੀਂ ਕਿੰਨੀ ਵਾਰ ਉੱਠਦੇ ਅਤੇ ਬੈਠਦੇ ਹੋ। ਅਤੇ ਓਨੀ ਵਾਰ ਜਰੂਰ ਹੀ ਸਤਿਨਾਮੁ, ਵਾਹਿਗੁਰੂ ਕਹੋ। ਅਸੀਂ ਤਾਂ ਹਮੇਸਾ ਸਤਿਨਾਮੁ ਵਾਹਿਗੁਰੂ ਕਹਿ ਕੇ ਉੱਠਦੇ ਹਾਂ। ਤੁਸੀਂ ਦੇਖਿਆ ਹੋਵੇਗਾ ਕਿ ਅਸੀਂ ਸੋਫੇ ਤੇ, ਮੰਜੇ ਤੇ, ਇੱਥੇ ਸਤਿਸੰਗ ਵਿੱਚ ਵੀ ਹਜ਼ੂਰ ਅੱਗੇ ਨਮਸਕਾਰ ਕਰਕੇ ਬੈਠਦੇ ਹਾਂ ਅਤੇ ਉੱਠਣ ਲੱਗਿਆਂ ਵੀ ਬੇਨਤੀ ਕਰ ਲੈਂਦੇ ਹਾਂ ਦੋ ਵਾਰ ਤਾਂ ਇੱਥੇ ਹੀ ਹਾਜਰੀ ਲੱਗ ਗਈ। ਤੁਸੀਂ ਵੀ ਉੱਠਣ ਲੱਗਿਆਂ, ਬੈਠਣ ਲੱਗਿਆਂ ਕਰ ਲਿਆ ਕਰੋ। ਲੰਗਰ ਖਾਣ ਲਈ ਬੈਠਣ ਲੱਗਿਆਂ ਅਤੇ ਖਾ ਕੇ ਉੱਠਣ ਲੱਗਿਆਂ ਵੀ ਕਰ ਲਇਉ। ਤੁਸੀਂ ਇੱਥੇ ਹੀ ਚਾਰ ਵਾਰੀ ਕਰ ਲਿਆ। ਹੋਰ ਚਾਹੇ ਤੁਸੀਂ ਨਾ ਵੀ ਹਿੱਲੋਗੇ ਤਦ ਵੀ ਚਾਰ ਵਾਰੀ ਤਾਂ ਸਿਮਰਨ ਕਰ ਲਿਆ। ਤੁਸੀਂ ਇਸ ਤਰੀਕੇ ਨੂੰ ਅਪਣਾਉ। ਤੁਸੀਂ ਰੋਜ ਦੇ ਪੰਜ ਬਦਾਮ ਖਾ ਲਉ, ਸੱਤ ਬਦਾਮ ਖਾ ਲਓ ਅਤੇ ਮਹੀਨੇ ਦੇ ਤੀਹ

ਦਿਨ ਹੁੰਦੇ ਹਨ। ਤੀਹ ਦਿਨਾਂ ਵਿੱਚ ਤੁਸੀਂ ਡੇਢ ਸੌ ਬਦਾਮ ਖਾ ਲਏ। ਇੰਨੇ ਬਦਾਮ ਬੰਦੇ ਦਾ ਸਰੀਰ ਕਾਇਮ ਕਰ ਦਿੰਦੇ ਹਨ। ਅਗਰ ਅਸੀਂ ਰੋਜ ਦਾ ਇੱਕ ਬਦਾਮ ਖਾ ਲਈਏ ਤੀਹ ਬਦਾਮ ਤਦ ਵੀ ਬਣ ਜਾਂਦੇ ਹਨ। ਇਸ ਤਰ੍ਹਾਂ ਸਿਮਰਨ ਕਰਨ ਨਾਲ ਅਣਗਿਣਤ ਬਖਸ਼ਿਸ਼ ਹੋ ਜਾਂਦੀ ਹੈ। ਉਸ ਦੀ ਗਿਣਤੀ ਮਿਣਤੀ ਨਹੀਂ ਰਹਿੰਦੀ। ਅਸੀਂ ਕਹਿੰਦੇ ਹਾਂ ਕਿ ਟਰੱਕਾਂ ਵਾਲੇ ਬਹੁਤ ਵੱਧੀਆ ਇਨਸਾਨ ਹਨ। ਉਹਨਾਂ ਨੇ ਲਿਖਿਆ ਹੁੰਦਾ ਹੈ ਕਿ

*ਪਹਿਲਾਂ ਵਾਹਿਗੁਰੂ ਬੋਲ, ਫੇਰ ਕੁੰਡਾ ਖੋਹਲ।*

*ਜਾਂ*

*ਪਹਿਲਾਂ ਸਤਿਨਾਮੁ ਬੋਲ ਫੇਰ ਕੁੰਡਾ ਖੋਹਲ।*

ਭਾਵ ਓਨੀ ਵਾਰ ਤਾਂ ਮੂੰਹ ਵਿੱਚੋਂ ਸਤਿਨਾਮੁ-ਵਾਹਿਗੁਰੂ ਨਿਕਲ ਹੀ ਜਾਵੇਗਾ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਉੱਠਦਿਆਂ ਬੈਠਦਿਆਂ ਹਜ਼ੂਰ ਨੂੰ ਚੇਤੇ ਕਰ ਲਉ ਅਤੇ ਰੋਜਾਨਾ ਇੰਝ ਹੀ ਕਰੋ ਫੇਰ ਹਜ਼ੂਰ ਦੀ ਬਹੁਤ ਬਖਸ਼ਿਸ਼ ਹੋਵੇਗੀ।

**ਮਰਣ ਜੀਵਣ ਕੀ ਚਿੰਤਾ ਗਈ**
**ਇਹੁ ਜੀਅੜਾ ਹਰਿ ਪ੍ਰਭ ਵਸਿ ॥**

ਆਪਾਂ ਸਾਰੇ ਹੀ ਜਦੋਂ ਥੋੜ੍ਹੇ ਜਿਹੇ ਵੀ ਬਿਮਾਰ ਹੁੰਦੇ ਹਾਂ ਸੋਫੇ ਤੇ ਬੈਠਣ ਲੱਗੇ ਹਾਏ! ਜਾਂ ਉਈ! ਕਹਿ ਕੇ ਬੈਠਦੇ ਹਾਂ ਜਾਂ ਕੁਝ ਹੋਰ ਕਹਿ ਕੇ ਬੈਠਦੇ ਹਾਂ। ਇਹ ਹਾਏ ਜਾਂ ਉਈ ਤਦ ਕਹਿੰਦੇ ਹਾਂ ਕਿਉਂਕਿ ਸਾਡੇ ਮਨ ਵਿੱਚ ਡਰ ਰਹਿੰਦਾ ਹੈ ਕਿ ਕਿਤੇ ਡਿੱਗ ਨਾ ਪਈਏ ਮਰ ਨਾ ਜਾਈਏ। ਸਾਨੂੰ ਮੌਤ ਦਾ ਫਿਕਰ ਹੈ ਪਰ ਮਾਲਿਕ ਦਾ ਡਰ ਨਹੀਂ ਹੈ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਐ ਜੀਵ! ਅਗਰ ਤੂੰ ਮਾਲਿਕ ਨੂੰ ਚੇਤੇ ਕਰ ਲਵੇਂਗਾ ਫੇਰ ਤੇਰਾ ਜੰਮਣ ਮਰਨ ਦਾ ਡਰ ਖਤਮ ਹੋ ਜਾਵੇਗਾ ਅਤੇ ਹਜ਼ੂਰ ਤੇਰੇ ਸਾਰੇ ਹੀ ਕਾਰਜ ਆਪ ਕਰਨਗੇ।

**ਜਿਉ ਭਾਵੈ ਤਿਉ ਰਖੁ ਤੂ**
**ਜਨ ਨਾਨਕ ਨਾਮੁ ਬਖਸਿ ॥੧॥**

ਹਜ਼ੂਰ ਅਗਰ ਕੋਈ ਭੁੱਲ ਹੋਈ ਹੈ ਤਦ ਠੀਕ ਕਰ ਦਿਉ। ਅਗਰ ਕੋਈ ਕਮੀ ਆਈ ਹੈ ਉਹ ਵੀ ਪੂਰੀ ਕਰ ਦਿਉ। ਕਾਰੋਬਾਰ ਵਿੱਚ ਘਾਟਾ ਪਿਆ ਹੈ ਤਦ ਉਹ ਵੀ ਪੂਰਾ ਕਰ ਦਿਉ। ਮਹਾਰਾਜ ਦੀ ਮੌਜ ਹੈ ਜਦੋਂ ਵੀ ਕਿਸੇ ਨੂੰ ਜੋ ਦੇਣਾ ਹੋਵੇਗਾ ਦੇ ਦੇਣ।

*ਕੀੜਾ ਥਾਪਿ ਦੇਇ ਪਾਤਿਸਾਹੀ..........॥ (ਅੰਗ 144)*

ਪਰ ਹਜ਼ੂਰ ਕੋਲ ਬੇਨਤੀ ਜਰੂਰ ਕਰੋ ਕਿ ਹਜ਼ੂਰ ਮੇਰੇ ਕੋਲੋਂ ਭੁੱਲ ਜਰੂਰ ਹੋਈ ਹੈ ਪਰ ਤੁਸੀਂ ਬਖਸ਼ ਦਇਉ। ਜਦੋਂ ਅਸੀਂ ਇਸ ਤਰ੍ਹਾਂ ਦੀਆਂ ਬੇਨਤੀਆਂ ਅਤੇ ਜੋਦੜੀਆਂ ਕਰਾਂਗੇ ਫੇਰ ਹਜ਼ੂਰ ਬਖਸ਼ਦੇ ਆਏ ਹਨ ਅਤੇ ਅਗਾਂਹ ਵੀ ਬਖਸ਼ਦੇ ਰਹਿਣਗੇ।

# ਸਤਿਸੰਗ

**ੴਸਤਿਗੁਰ ਪ੍ਰਸਾਦਿ ॥**

**ਰਾਗੁ ਸੂਹੀ ਮਹਲਾ ੫ ਘਰੁ ੩ ॥** (ਅੰਗ 760)

**ਮਿਥਨ ਮੋਹ ਅਗਨਿ ਸੋਕ ਸਾਗਰ ॥**
**ਕਰਿ ਕਿਰਪਾ ਉਧਰੁ ਹਰਿ ਨਾਗਰ ॥੧॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਨਹਾਰ ਸ਼ਹੀਦਾਂ ਦੇ ਸਿਰਤਾਜ ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਅਸੀਂ ਪਰਿਵਾਰ ਦੇ ਮੋਹ ਵਿੱਚ ਐਨੇ ਫਸੇ ਹੋਏ ਹਾਂ ਕਿ ਮਾਂ ਪਿਉ ਦੇ ਸਿਰ ਵਿੱਚ ਅਗਰ ਪੁੱਤਰ ਡਾਂਗਾਂ ਵੀ ਮਾਰਦਾ ਹੈ, (ਮੁੰਡਿਆਂ ਨੇ ਪਿਉ ਦੇ ਕਤਲ ਵੀ ਕੀਤੇ, ਕਿਸੇ ਨੇ ਮਾਂ ਨੂੰ ਵੀ ਮਾਰ ਦਿੱਤਾ ਕਿ ਇਸ ਨੇ ਮੈਨੂੰ ਮੰਗਣ 'ਤੇ ਪੈਸੇ ਨਹੀਂ ਦਿੱਤੇ) ਪ੍ਰੰਤੂ ਮਾਪੇ ਫੇਰ ਵੀ ਕਹਿੰਦੇ ਹਨ ਕਿ ਕੋਈ ਗੱਲ ਨਹੀਂ। ਪੁੱਤਰ ਬੱਚਾ ਹੈ। ਫੇਰ ਕੀ ਹੋਇਆ ਜੇ ਡੰਡਾ ਮਾਰ ਦਿੱਤਾ। ਮੇਰਾ ਹੀ ਪੁੱਤਰ ਹੈ ਕੋਈ ਗੱਲ ਨਹੀਂ। ਭਰਾ ਨੂੰ ਭਰਾ ਮਾਰਦੇ ਹਨ, ਪਿਉ ਪੁੱਤਰ ਨੂੰ ਮਾਰਦੇ ਦੇਖੇ ਹਨ ਪਰ ਉੱਥੇ ਘਰਵਾਲੀ ਘਰਵਾਲੇ ਤੋਂ ਪੁੱਤਾਂ ਤੋਂ ਐਨੀਆਂ ਡਾਂਗਾਂ ਖਾ ਕੇ ਐਨੀਆਂ ਸਖਤੀਆਂ ਸਹਿ ਕੇ ਫੇਰ ਵੀ ਕਹੇਗੀ ਕਿ ਕੋਈ ਗੱਲ ਨਹੀਂ ਇਹ ਮੇਰਾ ਹੀ ਹੈ। ਪਰ ਅਸੀਂ ਗੁਰੂ ਨੂੰ ਕਦੇ ਮੇਰਾ ਨਹੀਂ ਕਿਹਾ। ਜਿਸ ਗੁਰੂ ਨੇ ਸਾਨੂੰ ਧੀਆਂ, ਪੁੱਤਰ, ਕਾਰੋਬਾਰ ਬਖਸ਼ਿਆ ਹੈ ਉਸ ਨੂੰ ਅਸੀਂ ਕਦੇ ਵੀ ਮੇਰਾ ਨਹੀਂ ਕਹਿੰਦੇ। ਸੋਈ ਦੁਨੀਆਂ ਵਿੱਚ ਐਨਾ ਮੋਹ ਮਾਇਆ ਦਾ ਪਸਾਰਾ ਹੈ।

ਅਸੀਂ ਹਜ਼ੂਰ ਦੇ ਦਰਬਾਰ ਧਿਆਨਪੁਰ ਗਏ। ਉੱਥੇ ਸੰਗਤ ਬੈਠੀ ਗੱਲਾਂ ਕਰ ਰਹੀ ਸੀ ਕਿ ਹਜ਼ੂਰ ਮੇਰੇ ਨਾਲ ਬਹੁਤ ਪਿਆਰ ਕਰਦੇ ਹਨ, ਦੂਜਾ ਕਹੇ ਮੇਰੇ ਨਾਲ ਬਹੁਤਾ ਪਿਆਰ ਕਰਦੇ ਹਨ। ਉਹ ਸਾਨੂੰ ਕਹਿਣ ਲੱਗੇ ਤੂੰ ਵੀ ਦੱਸ? ਅਸੀਂ ਕਿਹਾ ਮਹਾਰਾਜ ਤੁਹਾਨੂੰ ਤਾਂ ਟਰਕਾਅ ਦਿੰਦੇ ਹਨ। ਅਸਲੀ ਪਿਆਰ ਤਾਂ ਉਹ ਮੇਰੇ ਨਾਲ ਕਰਦੇ ਹਨ। ਜੇ ਸ਼ੱਕ ਜਾਂ ਭੁਲੇਖਾ ਹੈ ਤਾਂ ਹਜ਼ੂਰ ਅੰਦਰ ਬੈਠੇ ਹਨ ਜਾ ਕੇ ਪੁੱਛ ਲਵੋ। ਸੰਗਤ ਨੂੰ ਬਹੁਤ ਗੁੱਸਾ ਆਇਆ ਕਿ ਇਹ ਆਕੜ ਕੇ ਕਹਿ ਰਿਹਾ ਹੈ ਕਿ ਹਜ਼ੂਰ ਸਭ ਤੋਂ ਬਹੁਤਾ ਮੈਨੂੰ ਪਿਆਰ ਕਰਦੇ ਹਨ ਹੋਰ ਕਿਸੇ ਨੂੰ ਨਹੀਂ ਕਰਦੇ। ਹਜ਼ੂਰ ਬਹੁਤ ਖੁਸ਼ ਬੈਠੇ ਸਨ। ਸੰਗਤ ਗਈ ਅਤੇ ਜਾ ਕੇ ਬੇਨਤੀ ਕੀਤੀ ਕਿ ਹਜ਼ੂਰ ਅਸੀਂ ਤੁਹਾਨੂੰ ਕੁਝ ਪੁੱਛਣ ਆਏ ਹਾਂ ਸਾਡਾ ਨਿਰਣਾ ਕਰੋ। ਹਜ਼ੂਰ ਹੱਸ ਕੇ ਕਹਿਣ ਲੱਗੇ ਦੱਸੋ। ਸੰਗਤ ਕਹਿਣ ਲੱਗੀ ਹਜ਼ੂਰ ਤੁਸੀਂ ਹੱਸੇ ਕਿਉਂ ਹੋ? ਹਜ਼ੂਰ ਨੇ ਕਿਹਾ ਸਾਨੂੰ ਪਤਾ ਹੈ ਕਿ ਤੁਸੀਂ ਕੋਈ ਗੱਲ ਹੀ ਕਹਿਣ ਆਏ ਹੋਵੋਗੇ। ਸੰਗਤ ਨੇ ਬੇਨਤੀ

ਕੀਤੀ ਹਜ਼ੂਰ! ਕਸ਼ਮੀਰਾ ਸਿੰਘ ਬਾਹਰ ਬੈਠਾ ਹੈ। ਉਹ ਕਹਿੰਦਾ ਹੈ ਕਿ ਹਜ਼ੂਰ ਤੁਹਾਨੂੰ ਸਾਰਿਆਂ ਨੂੰ ਟਰਕਾਉਂਦੇ ਹਨ, ਤੁਹਾਡੇ ਨਾਲ ਉਪਰੋਂ-ਉਪਰੋਂ ਪਿਆਰ ਕਰਦੇ ਹਨ, ਅਸਲੀ ਪਿਆਰ ਮੇਰੇ ਨਾਲ ਕਰਦੇ ਹਨ ਜਾ ਕੇ ਪੁੱਛਣਾ ਹੈ ਤਾਂ ਪੁੱਛ ਲਉ। ਹਜ਼ੂਰ ਕਹਿਣ ਲੱਗੇ ਕੀ ਫੇਰ ਤੁਸੀਂ ਮੰਨ ਲਿਆ? ਸੰਗਤ ਕਹਿਣ ਲੱਗੀ ਨਹੀਂ ਹਜ਼ੂਰ! ਅਸੀਂ ਪੁੱਛਣ ਹੀ ਆਏ ਹਾਂ। ਹਜ਼ੂਰ ਨੇ ਕਿਹਾ ਅਗਰ ਤੁਹਾਡੇ ਮਨ ਵਿੱਚ ਸ਼ੰਕਾ ਹੈ ਤਦ ਹੀ ਪੁੱਛਣ ਆਏ ਹੋ। ਤੁਸੀਂ ਅੱਗਿਉਂ ਕਿਉਂ ਨਹੀਂ ਕਿਹਾ ਕਿ ਸਾਡੇ ਨਾਲ ਬਹੁਤ ਪਿਆਰ ਕਰਦੇ ਹਨ ਤੂੰ ਤਾਂ ਐਵੇਂ ਰੌਲਾ ਹੀ ਪਾਉਂਦਾ ਏਂ। ਤੈਨੂੰ ਤਾਂ ਹਜ਼ੂਰ ਕੁਝ ਵੀ ਪਿਆਰ ਨਹੀਂ ਕਰਦੇ। ਹਜ਼ੂਰ ਤਾਂ ਸਾਡੇ ਨਾਲ ਪਿਆਰ ਕਰਦੇ ਹਨ। ਹਜ਼ੂਰ ਕਹਿਣ ਲੱਗੇ ਉਸਨੂੰ ਬੁਲਾਉ। ਸਾਨੂੰ ਸੱਦਿਆ ਗਿਆ ਅਤੇ ਪੁੱਛਿਆ ਗਿਆ ਕਿ ਕੀ ਗੱਲ ਹੋਈ ਹੈ? ਅਸੀਂ ਕਿਹਾ ਹਜ਼ੂਰ ਮੈਨੂੰ ਪਤਾ ਹੈ ਹਜ਼ੂਰ ਜਿੰਨਾ ਪਿਆਰ ਮੇਰੇ ਨਾਲ ਕਰਦੇ ਹਨ ਹੋਰ ਕਿਸੇ ਨਾਲ ਨਹੀਂ ਕਰਦੇ। ਹਜ਼ੂਰ ਨੇ ਪਲੰਘ ਤੋਂ ਉੱਠ ਕੇ ਸਾਨੂੰ ਗਲ ਲਾ ਕੇ ਕਿਹਾ ਕਿ ਅੱਛਾ ਭਈ! ਤੇਰੇ ਭਾਗ। ਅਸੀਂ ਛੋਟੀ ਜਿਹੀ ਗੱਲ ਪਿੱਛੇ ਕਹਿੰਦੇ ਹਾਂ ਕਿ ਬਾਬਾ ਜੀ ਨੇ ਇਸ ਨੂੰ ਪਹਿਲਾਂ ਬੁਲਾ ਲਿਆ ਹੈ ਜਾਂ ਮੈਨੂੰ ਪਿੱਛੋਂ ਬੁਲਾ ਲਿਆ ਹੈ। ਤੁਸੀਂ ਕਦੇ ਵੀ ਮਨ ਵਿੱਚ ਸ਼ੰਕੇ ਨਾ ਰੱਖਿਓ। ਹਜ਼ੂਰ ਕਿਸੇ ਨੂੰ ਵੀ ਘੱਟ ਪਿਆਰ ਨਹੀਂ ਕਰਦੇ। ਤੁਸੀਂ ਜਿੰਨਾ ਬਹੁਤ ਭਾਵ ਰੱਖੋਗੇ ਓਨੀ ਬਹੁਤੀ ਬਖਸ਼ਿਸ਼ ਹੋਵੇਗੀ। ਸਾਡੀ ਸੋਚ ਅਤੇ ਭਾਵ ਵਿੱਚ ਕਮੀ ਹੈ।

*ਗੋਬਿੰਦ ਭਾਉ ਭਗਤ ਦਾ ਭੁਖਾ।*

ਜਿਹਨਾਂ ਬਿਲਡਿੰਗਾ ਦੇ ਅਸੀਂ ਨਕਸ਼ੇ ਬਣਾਏ ਹਨ ਉਹ ਅਸੀਂ ਨਾਲ ਤਾਂ ਨਹੀਂ ਲੈ ਜਾਣੀਆਂ। ਉਹ ਤੁਸੀਂ ਹੀ ਵਰਤਣੀਆਂ ਹਨ। ਆਉਣ ਵਾਲੇ ਸਮਾਜ ਨੇ ਵਰਤਣੀਆਂ ਹਨ। ਸਾਡਾ ਕੁਝ ਵੀ ਨਹੀਂ ਹੈ। ਅਸੀਂ ਤਾਂ ਲਿਖ ਦਿੱਤਾ ਹੈ ਕਿ

After my expiry no my blood relation, no my successor can claim for this property.

ਪਰ ਜਿਸ ਵਿੱਚ ਭਾਵ ਅਤੇ ਵਿਸ਼ਵਾਸ ਆ ਗਿਆ ਉਸੇ ਦਾ ਹੀ ਕਾਰਜ ਸੰਵਰਨਾ ਹੈ। ਐਨਾ ਭਾਵ ਅਤੇ ਵਿਸ਼ਵਾਸ ਰੱਖੋ ਕਿ ਹਜ਼ੂਰ ਜਿੰਨਾ ਪਿਆਰ ਸਾਡੇ ਨਾਲ ਕਰਦੇ ਹਨ ਹੋਰ ਕਿਸੇ ਨਾਲ ਨਹੀਂ ਕਰਦੇ।

*ਸਾਚ ਕਹੂੰ ਸੁਨ ਲੇਹ ਸਭੀ*
*ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।*

ਜਿੰਨਾ ਜਿਆਦਾ ਪਿਆਰ ਕਰੋਗੇ ਓਨੀ ਜਿਆਦਾ ਬਖਸ਼ਿਸ਼ ਹੋਵੇਗੀ।

**ਚਰਣ ਕਮਲ ਸਰਣਾਇ ਨਰਾਇਣ ॥**
**ਦੀਨਾ ਨਾਥ ਭਗਤ ਪਰਾਇਣ ॥੧॥ ਰਹਾਉ ॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਉਹ ਮਾਲਿਕ ਭਗਤਾਂ ਦੇ ਪ੍ਰਾਣਾਂ ਅਤੇ ਸਾਹਾਂ ਨਾਲ ਸਾਹ ਲੈਂਦੇ ਹਨ। ਉਹ ਅਨਾਥਾਂ ਦੇ ਨਾਥ ਬਣਦੇ ਹਨ। ਜਿਸ ਦਾ ਕੋਈ ਸਹਾਰਾ ਨਾ ਹੋਵੇ ਉਸ ਦਾ ਸਹਾਰਾ ਬਣਦੇ ਹਨ। ਪਰ ਜਦੋਂ ਅਸੀਂ ਖੁਦ ਨਾਥ ਬਣਦੇ ਹਾਂ, ਵੱਡੇ ਬਣਦੇ ਹਾਂ ਉੱਥੇ ਮਾਲਿਕ ਪਿੱਛੇ ਹਟ ਜਾਂਦੇ ਹਨ। ਸੋਈ ਉਹ ਮਾਲਿਕ ਤਾਂ ਗਰੀਬਾਂ ਲਈ ਗਰੀਬ ਨਿਵਾਜ ਹਨ। ਅਨਾਥਾਂ ਦੇ ਨਾਥ ਹਨ। ਸੁਆਸਾਂ ਦੇ ਰੱਖਿਅਕ ਹਨ। ਅਗਰ ਕਿਸੇ ਜੀਵ ਕੋਲ ਧਨ ਦੌਲਤ ਸਭ ਕੁਝ ਹੈ ਉਸ ਦੇ ਸੁਆਸ ਨਿਕਲ ਗਏ ਫੇਰ ਧਨ ਦੌਲਤ ਕਿਸੇ ਕੰਮ ਨਹੀਂ ਹੈ।

*ਹਾਥੀ ਘੋੜੇ ਬੰਧੇ ਰਹੇ ਬੰਧੇ ਰਹੇ ਅਸਵਾਰ।*
*ਗਿਆਨ ਕਾ ਦੀਪਕ ਬੁਝ ਗਿਆ ਹੋ ਗਈ ਜੀਤ ਕੀ ਹਾਰ।*

ਜਦੋਂ ਸਾਡੇ ਪਲੇਟਲੈੱਟਸ ਵੀ ਘੱਟ ਗਏ, ਹੋਮੋਗਲੋਬਿਨ ਵੀ ਘੱਟ ਗਿਆ, ਟੀ ਐਲ ਸੀ ਘੱਟ ਗਿਆ, ਹੋਰ ਦੂਜੇ ਪੈਰਾਮੀਟਰ ਵੀ ਘੱਟ ਗਏ ਅਤੇ ਸਾਥੋਂ ਉੱਠਿਆ ਨਾ ਜਾਵੇ। ਲੋਕਾਂ ਦੇ ਪਲੇਟਲੈੱਟਸ ਘੱਟ ਕੇ ਵੱਧ ਗਏ। ਸਾਡੇ ਵਧੀ ਵੀ ਜਾਣ ਫੇਰ ਘਟੀ ਵੀ ਜਾਣ, ਸ਼ੂਗਰ ਵੀ ਵਧ ਕੇ 250-300 ਹੋ ਗਈ। ਅਗਰ ਮੈਨੂੰ ਕੁਝ ਹੋ ਜਾਂਦਾ ਫੇਰ ਸਾਰੀਆਂ ਬਿਲਡਿੰਗਾਂ ਪਈਆਂ ਰਹਿਣੀਆਂ ਸਨ। ਅਸੀਂ ਕਹਿੰਦੇ ਹਾਂ ਕਿ

*ਖਿਲਾ ਦੇ, ਪਿਲਾ ਦੇ, ਲੁਟਾ ਦੇ ਬਨਾ ਲੇ ਅਪਨਾ ਕਾਮ।*
*ਚਲਤੀ ਨਦੀਆ ਬਹਿ ਰਹੀ ਸਾਥ ਨਾ ਚਾਲੇ ਦਾਮ।*

ਜਦੋਂ ਜੀਵ ਤੰਦਰੁਸਤ ਹੁੰਦਾ ਹੈ ਉਸ ਨੂੰ ਮੌਤ ਜਾਂ ਮਾਲਿਕ ਦਾ ਚੇਤਾ ਹੀ ਨਹੀਂ ਹੁੰਦਾ ਹੈ। ਇਹ

*ਦੁਖ ਦਾਰੂ ਸੁਖ ਰੋਗ ਭਇਆ.....।*

ਅਸੀਂ ਥੋੜ੍ਹੇ ਜਿਹੇ ਬਿਮਾਰ ਹੋਏ ਤਦ ਸਾਨੂੰ ਪਤਾ ਲੱਗਾ ਉਸ ਤੋਂ ਬਾਦ ਸੋਚ ਹੀ ਬਦਲ ਗਈ, ਇਰਾਦੇ ਹੀ ਬਦਲ ਗਏ। ਕਿਉਂਕਿ ਜੀਵ ਸੋਚਦਾ ਹੈ ਕਿ ਮੇਰੇ ਕੋਲ ਸਭ ਕੁਝ ਹੈ ਮੈਨੂੰ ਕੀ ਪ੍ਰਵਾਹ ਹੈ। ਹਜ਼ੂਰ ਫੁਰਮਾਉਂਦੇ ਹਨ ਕਿ ਐ ਜੀਵ! ਤੇਰੇ ਸੁਆਸ ਤਾਂ ਮਾਲਿਕ ਨੇ ਹੀ ਬਖਸ਼ੇ ਹਨ। ਅਗਰ ਸੁਆਸਾਂ ਦੀ ਰੱਖਿਆ ਨਾ ਹੋਈ ਤਦ ਬਾਕੀ ਚੀਜਾਂ ਕਿਸ ਕੰਮ ਹਨ। ਧੀਆਂ, ਪੁੱਤਰ, ਜਾਇਦਾਦਾਂ,. ਮਹਿਲ, ਮਾੜੀਆਂ ਕਿਸ ਕੰਮ ਹਨ। ਹਜ਼ੂਰ ਸੁਆਸ ਵੀ ਬਖਸ਼ਣ ਅਤੇ ਇਹਨਾਂ ਦਾਤਾਂ ਦੀ ਵੀ ਬਖਸ਼ਿਸ਼ ਕਰਨ।

**ਅਨਾਥਾ ਨਾਥ ਭਗਤ ਭੈ ਮੇਟਨ ॥**
**ਸਾਧਸੰਗਿ ਜਮਦੂਤ ਨ ਭੇਟਨ ॥੨॥**

ਜਿਹਨਾਂ ਜੀਵਾਂ ਦਾ ਸਹਾਰਾ ਨਹੀਂ ਹੈ ਮਾਲਿਕ ਉਹਨਾਂ ਦਾ ਸਹਾਰਾ ਬਣਦੇ ਹਨ ਅਤੇ ਜਮਦੂਤ ਉੱਥੇ ਦਖਲ ਨਹੀਂ ਦੇ ਸਕਦਾ। ਹਜ਼ੂਰ ਸਭ ਤੋਂ ਪਹਿਲਾਂ ਸੇਵਕ ਦੇ ਭੈਅ ਨੂੰ ਦੂਰ ਕਰਦੇ ਹਨ। ਜਦੋਂ ਜੀਵ ਸਾਧੂ ਦੀ ਸੰਗਤ ਵਿੱਚ ਜਾਂਦਾ ਹੈ ਉਦੋਂ ਜਮਦੂਤ ਐਕਸ਼ਨ ਨਹੀਂ ਕਰ ਸਕਦਾ।

**ਜੀਵਨ ਰੂਪ ਅਨੂਪ ਦਇਆਲਾ ॥**
**ਰਵਣ ਗੁਣਾ ਕਟੀਐ ਜਮ ਜਾਲਾ ॥੩॥**

ਜਿੰਨੇ ਵੀ ਆਪਾਂ ਬੈਠੇ ਹਾਂ ਕੋਈ ਲੰਮਾ ਹੈ, ਕੋਈ ਮੱਧਰਾ ਹੈ। ਕਿਸੇ ਦੀਆਂ ਅੱਖਾਂ ਛੋਟੀਆਂ ਹਨ ਕਿਸੇ ਦੀਆਂ ਮੋਟੀਆਂ ਹਨ।

ਕੋਈ ਕਾਲਾ ਹੈ, ਕੋਈ ਚਿੱਟਾ ਹੈ। ਕਈ ਬੀਬੀਆਂ ਜਿਆਦਾ ਸੋਹਣੀਆਂ ਹਨ, ਕਈ ਘੱਟ ਸੋਹਣੀਆਂ ਹਨ। ਕਈ ਪੁਰਸ਼ ਜਿਆਦਾ ਸੋਹਣੇ ਹਨ ਕਈ ਘੱਟ ਸੋਹਣੇ ਹਨ। ਪਰ ਹਜ਼ੂਰ ਪਿਆਰ ਸਾਰਿਆਂ ਨੂੰ ਇੱਕੋ ਜਿੰਨਾ ਕਰਦੇ ਹਨ। ਕਿਸੇ ਨੂੰ ਪਿਆਰ ਵਿੱਚ ਕਮੀ ਨਹੀਂ ਕਰਦੇ। ਕਿਉਂਕਿ ਮਾਲਿਕ ਸੂਰਜ ਸਮਾਨ ਹੁੰਦੇ ਹਨ। ਸੂਰਜ ਕਦੇ ਵੀ ਇਹ ਨਹੀਂ ਦੇਖਦਾ ਕਿ ਮੈਂ ਰੂੜੀ ਦੇ ਢੇਰ ਉੱਪਰ ਘੱਟ ਧੁੱਪ ਪਾਵਾਂ ਜਾਂ ਬਾਦਸ਼ਾਹ ਦੇ ਮਹੱਲ ਉੱਪਰ ਬਹੁਤੀ ਧੁੱਪ ਪਾਵਾਂ। ਜਿਸ ਤਰ੍ਹਾਂ ਸੂਰਜ ਸਾਰਿਆਂ ਉੱਪਰ ਇੱਕੋ ਜਿਹੀ ਰੋਸ਼ਨੀ ਪਾਉਂਦਾ ਹੈ ਅਤੇ ਇੱਕੋ ਜਿਹੀ ਆਕਸੀਜਨ ਦਿੰਦਾ ਹੈ ਇਸ ਤਰ੍ਹਾਂ ਸਾਧੂ ਵੀ ਸਭ ਉੱਪਰ ਇੱਕੋ ਜਿਹੀ ਬਖਸ਼ਿਸ਼ ਕਰਦੇ ਹਨ। ਰੂਪ ਮਾਲਿਕ ਦੇ ਬਖਸ਼ੇ ਹੁੰਦੇ ਹਨ। ਅਗਰ ਮਾਲਿਕ ਨੇ ਸੋਹਣਾ ਬਣਾਇਆ ਹੈ ਤਦ ਸਵੇਰੇ ਉੱਠ ਕੇ ਮਾਲਿਕ ਅੱਗੇ ਬੇਨਤੀ ਕਰੋ ਕਿ ਹਜ਼ੂਰ ਤੁਹਾਡਾ ਬਖਸ਼ਿਆ ਸਰੀਰ ਹੈ। ਤੁਸੀਂ ਹੀ ਸਭ ਕੁਝ ਬਖਸ਼ਣਹਾਰ ਹੋ। ਇਹ ਸੁੱਖ ਹੰਢੌਣਾ ਹੋਵੇ ਇਸ ਉੱਪਰ ਕਿਰਪਾ ਕਰਿਉ, ਇਹ ਠੀਕ ਰਹੇ। ਮਾਲਿਕ ਦੇ ਬਖਸ਼ੇ ਹੋਏ ਕੱਦ, ਕਾਠ , ਰੂਪ, ਰੰਗ ਉੱਪਰ ਮਾਣ ਨਹੀਂ ਕਰਨਾ ਚਾਹੀਦਾ। ਇਕ ਯੂਸਫ਼ ਸੀ ਉਹ

*ਯੂਸਫ ਸ਼ੀਸ਼ੇ ਵਿੱਚ ਦੇਖ ਕੇ ਮੂੰਹ ਆਪਣਾ*
*ਕਹਿੰਦਾ ਮੇਰੇ ਜਿਹਾ ਸੋਹਣਾ ਫੁੱਲ ਕੋਈ ਨਾ।*
*ਵਿਕਣ ਜਾਵਾਂ ਮੈਂ ਜੇਕਰ ਬਜਾਰ ਅੰਦਰ*
*ਓਥੇ ਦੇ ਸਕੇ ਮੇਰਾ ਮੁੱਲ ਕੋਈ ਨਾ।*
*ਆਇਆ ਮਾਣ ਅੱਗੇ ਬੰਦੀਵਾਨ ਹੋਇਆ*
*ਮੁੱਲ ਪਿਆ ਸੀ ਵਿੱਚ ਬਜਾਰ ਉਸ ਦਾ।*
*ਵਿਕਿਆ ਅੱਟੀ ਤੋਂ ਮਿਸਰ ਦੇ ਸ਼ਹਿਰ ਅੰਦਰ*
*ਟੁੱਟ ਗਿਆ ਸੀ ਸਾਰਾ ਹੰਕਾਰ ਉਸ ਦਾ।*

ਉਹ ਸੂਤ ਦੀ ਅੱਟੀ ਤੋਂ ਵਿਕਿਆ ਸੀ। ਕਿਸੇ ਨੇ ਉਸ ਦਾ ਮੁੱਲ ਇੱਕ ਰੁਪਿਆ ਵੀ ਨਹੀਂ ਸੀ ਪਾਇਆ। ਸੋਈ ਜੋ ਕੁਝ ਵੀ ਬਖਸ਼ਿਆ ਹੈ ਹਜ਼ੂਰ ਨੇ ਬਖਸ਼ਿਆ ਹੈ। ਅਸੀਂ ਇਹ ਨਹੀਂ ਕਹਿੰਦੇ ਕਿ ਤੁਸੀਂ ਸੰਤਾਂ, ਬਾਬਿਆਂ ਮਗਰ ਲੱਗੋ। ਤੁਸੀਂ ਗੁਰਬਾਣੀ ਉੱਪਰ ਭਾਵ ਭਰੋਸਾ ਰੱਖੋ ਅਤੇ ਉਸ ਮਾਲਿਕ ਅੱਗੇ ਫਰਿਆਦ ਕਰੋ ਕਿ ਸੱਚੇ ਪਾਤਿਸ਼ਾਹੋ ! ਤੁਸੀਂ ਪਰਿਵਾਰ ਭਾਗ ਬਖਸ਼ਿਆ ਹੈ ਇਹ ਸੁਖ ਹੰਢੌਣਾ ਹੋਵੇ, ਖੁਸ਼ੀਆਂ ਭਰਿਆ ਹੋਵੇ।

**ਅੰਮ੍ਰਿਤ ਨਾਮੁ ਰਸਨ ਨਿਤ ਜਾਪੈ ॥**
**ਰੋਗ ਰੂਪ ਮਾਇਆ ਨ ਬਿਆਪੈ ॥੪॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ

*ਏ ਰਸਨਾ ਤੂ ਅਨ ਰਸਿ ਰਾਚਿ ਰਹੀ*
*ਤੇਰੀ ਪਿਆਸ ਨ ਜਾਇ॥ (ਅੰਗ 921)*

*ਤਥਾ*

*ਨਾਮ ਜਪਤ ਗੋਬਿਦ ਕਾ ਸੂਚੀ ਭਈ ਰਸਨਾ॥*

ਜਦੋਂ ਤੁਸੀਂ ਨਾਮ ਦਾ ਜਾਪ ਕਰੋਗੇ ਤੁਹਾਡੀ ਰਸਨਾ ਸੁੱਚੀ ਹੋ ਜਾਵੇਗੀ। ਫੇਰ ਉਸ ਨਾਲ ਤੁਸੀਂ ਜੋ ਵੀ ਮੰਗੋਗੇ ਉਹ ਮਿਲੇਗਾ, ਹਜ਼ੂਰ ਖੁਸ਼ੀਆਂ ਖੇੜੇ ਸਭ ਕੁਝ ਬਖਸ਼ਣਗੇ ਅਤੇ ਦੁੱਖਾਂ ਦੀ ਨਵਿਰਤੀ ਹੋਵੇਗੀ।

**ਜਪਿ ਗੋਬਿੰਦ ਸੰਗੀ ਸਭਿ ਤਾਰੇ ॥**
**ਪੋਹਤ ਨਾਹੀ ਪੰਚ ਬਟਵਾਰੇ ॥੫॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਤੁਸੀਂ ਆਪ ਤਾਂ ਤਰਨਾ ਹੀ ਹੈ ਤੁਹਾਡੀ ਸੰਗਤ ਕਰਨ ਵਾਲੇ ਵੀ ਤਰ ਜਾਣਗੇ।

*ਆਪਿ ਤਰੈ ਸਗਲੇ ਕੁਲ ਤਾਰੈ॥ (ਅੰਗ 662)*

ਇੱਥੇ ਤਾਂ ਕੁਲਾਂ ਦੀ ਗੱਲ ਕੀਤੀ ਗਈ ਹੈ। ਪਰ ਹਜ਼ੂਰ ਫੁਰਮਾਉਂਦੇ ਹਨ ਕਿ ਅਗਰ ਕੋਈ ਸਾਧੂ ਮਾਲਿਕ ਦਾ ਸਿਮਰਨ ਕਰਦਾ ਹੈ ਉਸ ਦੀ ਸਾਰੀ ਸੰਗਤ ਵੀ ਤਰ ਜਾਂਦੀ ਹੈ, ਜਮਦੂਤ ਉੱਥੇ ਆ ਹੀ ਨਹੀਂ ਸਕਦਾ। ਇਹ ਗੁਰਬਾਣੀ ਦੇ ਬਚਨ ਹਨ ਅਸੀਂ ਆਪਣੇ ਕੋਲੋਂ ਕੁਝ ਨਹੀਂ ਕਹਿ ਰਹੇ। ਸਿਮਰਨ ਕਰਨ ਵਾਲੇ ਵਿੱਚ ਐਨੀ ਸ਼ਕਤੀ ਆ ਜਾਂਦੀ ਹੈ, ਬੰਦਗੀ ਕਰਨ ਵਾਲੇ ਦਾ ਐਨਾ ਪ੍ਰਭਾਵ ਹੋ ਜਾਂਦਾ ਹੈ ਕਿ ਜੋ ਸੰਗਤ ਉਹਨਾਂ ਦੇ ਨਾਲ ਤੁਰੀ ਫਿਰਦੀ ਹੈ ਉਹ ਵੀ ਬਖਸ਼ੀ ਜਾਂਦੀ ਹੈ ਅਤੇ ਜਮ ਉੱਥੇ ਐਕਸ਼ਨ ਨਹੀਂ ਕਰਦਾ।

**ਮਨ ਬਚ ਕ੍ਰਮ ਪ੍ਰਭੁ ਏਕੁ ਧਿਆਏ ॥**
**ਸਰਬ ਫਲਾ ਸੋਈ ਜਨੁ ਪਾਏ ॥੬॥**

ਜੀਵ ਕਦੇ ਵੀ ਮਨ ਦੇ ਅੜਿਕੇ ਨਾ ਚੜ੍ਹੇ, ਸਿਰਫ ਮਾਲਿਕ ਉੱਪਰ ਭਰੋਸਾ ਰੱਖੇ ਫੇਰ ਹਜ਼ੂਰ ਉਸ ਨੂੰ ਸਾਰੇ ਸੁੱਖਾਂ ਦਾ ਫੱਲ ਬਖਸ਼ਦੇ ਹਨ। ਅਗਰ ਅਸੀਂ ਉਪਰੋਂ-ਉਪਰੋਂ ਸਤਿਸੰਗ ਸੁਣਦੇ ਹਾਂ, ਲੋਕ ਦਿਖਾਵਾ ਕਰਦੇ ਫੇਰ ਕੰਮ ਨਹੀਂ ਬਣਦੇ। ਜਿਵੇਂ ਤੁਸੀਂ ਬਾਹਰ ਹੋ ਉਵੇਂ ਹੀ ਮਨ ਵਿੱਚ ਭਰੋਸਾ ਰੱਖੋ ਫੇਰ ਹਜ਼ੂਰ ਜੀਵ ਨੂੰ ਸਾਰੀਆਂ ਖੁਸ਼ੀਆਂ ਬਖਸ਼ ਕੇ ਕੋਈ ਆਂਚ ਨਹੀਂ ਆਉਣ ਦਿੰਦੇ।

**ਧਾਰਿ ਅਨੁਗ੍ਰਹੁ ਅਪਨਾ ਪ੍ਰਭਿ ਕੀਨਾ ॥**
**ਕੇਵਲ ਨਾਮੁ ਭਗਤਿ ਰਸੁ ਦੀਨਾ ॥੭॥**

ਸਾਧੂ ਸਾਰੀ ਸੰਗਤ ਨੂੰ ਇੱਕੋ ਹੀ ਉਪਦੇਸ਼ ਦਿੰਦੇ ਹਨ। ਕਿਸੇ ਨੂੰ ਵੱਖਰਾ ਉਪਦੇਸ਼ ਨਹੀਂ ਦਿੰਦੇ। ਜਿਸ ਨੂੰ ਉਹ ਉਪਦੇਸ਼ ਦੇ ਦਿੰਦੇ ਹਨ ਉਸ ਨੂੰ ਆਪਣਾ ਬਣਾ ਲੈਂਦੇ ਹਨ। ਉਂਞ ਗੈਰ ਉਪਦੇਸ਼ੀ ਵੀ ਉਹਨਾਂ ਦੇ ਹੀ ਬੱਚੇ ਹਨ। ਪਰ ਉਪਦੇਸ਼ ਲੈਣ ਵਾਲਿਆਂ ਨਾਲ ਮਾਲਿਕ ਥੋੜ੍ਹਾ ਜਿਹਾ ਜਿਆਦਾ ਪਿਆਰ ਕਰਦੇ ਹਨ। ਕਿਉਂਕਿ ਮਾਵਾਂ ਸਾਰੀਆਂ ਹੁੰਦੀਆਂ ਹਨ। ਅਗਰ ਕੋਈ ਬੱਚਾ ਗਲੀ ਵਿੱਚ ਜਾਂ ਸੜਕ ਉੱਪਰ ਜਾਂ ਹੋਰ ਕਿਤੇ ਟੱਟੀ ਕਰ ਰਿਹਾ ਹੋਵੇ ਤਦ ਬਾਕੀ ਸਾਰੀਆਂ ਮਾਵਾਂ ਨੱਕ ਉੱਪਰ ਕੱਪੜਾ ਰੱਖ ਕੇ ਅਗਾਂਹ ਲੰਘ ਜਾਣਗੀਆਂ ਪਰ ਮਜ਼ਾ ਤਦ ਹੈ ਜੇ ਉਸ ਦੀ ਆਪਣੀ ਮਾਂ ਉਸ ਨੂੰ ਲਿੱਬੜੇ ਨੂੰ ਛੱਡ ਕੇ ਅਗਾਂਹ ਲੰਘ ਜਾਵੇ। ਚਾਹੇ ਕਿੰਨੇ ਵੀ ਕੰਮ ਹੋਣ ਮਾਂ ਪਹਿਲਾਂ ਬੱਚੇ ਨੂੰ ਚੁੱਕ ਕੇ ਸਾਫ ਕਰੇਗੀ, ਧੋਵੇਗੀ ਚਾਹੇ ਉਹਦੇ ਆਪਣੇ ਹੱਥ ਵੀ ਲਿੱਬੜ

ਜਾਣ ਅਤੇ ਚੁੱਕ ਕੇ ਚੁੰਮੀ ਜਾਵੇਗੀ ਕਿ ਹਾਏ! ਮਾਂ ਮਰ ਜਾਵੇ। ਮੇਰਾ ਬੱਚਾ ਕਿੰਨਾ ਲਿੱਬੜ ਗਿਆ ਸੀ। ਇਸੇ ਤਰ੍ਹਾਂ ਸਾਧੂ ਜਦੋਂ ਸੰਗਤ ਨੂੰ ਉਪਦੇਸ਼ ਦਿੰਦੇ ਹਨ, ਭਗਤੀ ਦੀ ਮੋਹਰ ਲਾਉਂਦੇ ਹਨ ਉਦੋਂ ਉਹਨਾਂ ਨੂੰ ਆਪਣਾ ਬਣਾ ਲੈਂਦੇ ਹਨ। ਫੇਰ ਉਹ ਉਸ ਜੀਵ ਦੇ ਸਾਰੇ ਦੁੱਖਾਂ ਦੇ ਸਾਂਝੀਵਾਲ ਬਣ ਜਾਂਦੇ ਹਨ। ਪਰ ਇੱਕ ਸ਼ਰਤ ਹੈ ਕਿ ਉਸ ਜੀਵ ਦੇ ਭਰੋਸੇ ਵਿੱਚ ਕਮੀ ਨਾ ਆਵੇ।

**ਆਦਿ ਮਧਿ ਅੰਤਿ ਪ੍ਰਭੁ ਸੋਈ॥**
**ਨਾਨਕ ਤਿਸੁ ਬਿਨੁ ਅਵਰੁ ਨ ਕੋਈ ੮॥੧॥੨॥**

ਐਸਾ ਨਹੀਂ ਹੈ ਕਿ ਇਹ ਹੁਣ ਦੀ ਗੱਲ ਹੈ। ਸਤਿਜੁਗ ਦੁਆਪਰ ਤ੍ਰੇਤਾ ਕਲਿਜੁਗ ਵਿੱਚ ਜਦੋਂ-ਜਦੋਂ ਵੀ ਕੋਈ ਸਾਧੂ ਸੰਤ ਆਏ। ਇਹ ਪੁਰਾਣੀ ਪ੍ਰੰਪਰਾ ਇਸੇ ਤਰ੍ਹਾਂ ਚੱਲੀ ਆ ਰਹੀ ਹੈ। ਐਸਾ ਨਹੀਂ ਕਿ ਸਾਧੂ ਉਦੋਂ ਹੋਰ ਕੁਝ ਕਰਦੇ ਸੀ ਅਤੇ ਹੁਣ ਕੁਝ ਹੋਰ ਕਰਦੇ ਹਨ। ਉਹ ਤਾਂ

*ਆਦਿ ਅੰਤ ਏਕੋ ਅਵਤਾਰਾ*
*ਸੋਈ ਗੁਰੁ ਸਮਝੀਓ ਹਮਾਰਾ॥*

ਫੇਰ ਇਸ ਤਰ੍ਹਾਂ ਸਾਧੂ ਜੀਵ ਦੀ ਸੰਭਾਲ ਅਤੇ ਰੱਖਿਆ ਕਰਦੇ ਹਨ। ਕਿਉਂਕਿ ਉਹ ਜੀਵ ਦੀ ਬੇਨਤੀ ਅੱਗੇ ਕਰਕੇ ਜੀਵ ਦਾ ਕਾਜ ਰਾਸ ਕਰਦੇ ਹਨ।

## ਗਾਰੜੂ ਮੰਤ੍ਰ

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥
ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ॥
ਨਾਨਕ ਸੇਈ ਉਬਰੇ ਜਿ ਸਚਿ ਰਹੈ ਲਿਵ ਲਾਇ ॥

*(ਗੁਜਰੀ ਕੀ ਵਾਰ ਮਹਲਾ ੩ ॥ ਪੰਨਾ 510)*

# ਸਤਿਸੰਗ

**ਰਾਗੁ ਗਉੜੀ ਪੂਰਬੀ ਮਹਲਾ ੪**
**ੴ ਸਤਿਗੁਰ ਪ੍ਰਸਾਦਿ॥** (ਅੰਗ 234)
**ਕਰਹਲੇ ਮਨ ਪਰਦੇਸੀਆ ਕਿਉ ਮਿਲੀਐ ਹਰਿ ਮਾਇ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ! ਹਜ਼ੂਰ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਸੋਢੀ ਸੁਲਤਾਨ ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਦੁਨੀਆਂ ਵਾਲਿਓ! ਤੁਸੀਂ ਆਪਣੇ ਮਨ ਨੂੰ ਸਮਝਾਉ ਕਿ ਐ ਮਨਾ! ਇਹ ਤੇਰਾ ਦੇਸ਼ ਨਹੀਂ ਹੈ। ਤੂੰ ਪਰਦੇਸ ਵਿੱਚ ਆਇਆ ਹੋਇਆ ਏਂ। ਜਿਸ ਤਰ੍ਹਾਂ ਕੋਈ ਪਸ਼ੂ ਕਿਸੇ ਪਾਸ ਪਾਲਣ ਲਈ ਛੱਡਿਆ ਜਾਂਦਾ ਹੈ ਅਤੇ ਉਸ ਦਾ ਮਾਲਿਕ ਪਲਣ ਉਪਰੰਤ ਉਸ ਨੂੰ ਵਾਪਸ ਲੈ ਲੈਂਦਾ ਹੈ। ਸੰਤਾਂ ਨੇ ਗੁਰਬਾਣੀ ਵਿੱਚ ਵੀ ਦਰਜ ਕੀਤਾ ਹੈ ਕਿ

*ਗੋਇਲਿ ਆਇਆ ਗੋਇਲੀ ਕਿਆ ਤਿਸੁ ਡੰਫੁ ਪਸਾਰੁ॥*
*ਮੁਹਲਤਿ ਪੁੰਨੀ ਚਲਣਾ ਤੂੰ ਸੰਮਲੁ ਘਰ ਬਾਰੁ॥੧॥*
*(ਅੰਗ 50)*

ਤਥਾ

*ਓਇ ਪਰਦੇਸੀਆ ਹਾਂ॥*
*ਸੁਨਤ ਸੰਦੇਸਿਆ ਹਾਂ॥੧॥ ਰਹਾਉ॥*
*ਜਾ ਸਿਉ ਰਚਿ ਰਹੇ ਹਾਂ॥*
*ਸਭ ਕਉ ਤਜਿ ਗਏ ਹਾਂ॥*
*ਸੁਪਨਾ ਜਿਉ ਭਏ ਹਾਂ॥ ਹਰਿ ਨਾਮੁ ਜਿਨ੍ਹਿ ਲਏ॥*
*(ਅੰਗ 410)*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹੋਰ ਵੀ ਬਹੁਤ ਜਗ੍ਹਾ ਇਸ ਮਨ ਨੂੰ ਸਮਝਾਇਆ ਗਿਆ ਹੈ ਕਿ ਐ ਮਨਾ! ਤੂੰ ਇੱਥੋਂ ਦਾ ਵਸਨੀਕ ਨਹੀਂ ਹੈਂ। ਤੂੰ ਪਰਦੇਸ ਦਾ ਰਹਿਣ ਵਾਲਾ ਏਂ। ਤੈਨੂੰ ਆਪਣੇ ਦੇਸ਼ ਵਾਪਸ ਜਾਣਾ ਪੈਣਾ ਹੈ। ਮਨ ਨੂੰ ਸਮਝਾਉਣਾ ਚਾਹੀਦਾ ਹੈ ਅਤੇ ਮਾਲਿਕ ਕੋਲ ਬੇਨਤੀਆਂ ਕਰਨੀਆਂ ਚਾਹੀਦੀਆਂ ਹਨ ਕਿ ਸੱਚੇ ਪਾਤਿਸ਼ਾਹੋ! ਮੇਰੀਆਂ ਬੇਨਤੀਆਂ ਕਬੂਲ ਕਰੋ, ਮੈਂ ਪਰਦੇਸੀ ਹਾਂ ਮੈਨੂੰ ਆਪਣੇ ਦੇਸ਼ ਦਾ ਮਿਲਾਪ ਬਖਸ਼ੋ। ਉਹ ਮਿਲਾਪ ਆਤਮਾ ਦੁਆਰਾ ਹੋਣਾ ਹੈ ਜਿਸ ਬਾਰੇ ਰਿਸ਼ੀਆਂ-ਮੁਨੀਆਂ ਨੇ ਫੁਰਮਾਨ ਕੀਤਾ ਹੈ ਕਿ

*ਈਸ਼ਵਰ ਅੰਸ ਜੀਵ ਅਬਿਨਾਸੀ*
*ਚੇਤਨ ਅਮਰ ਸਹਜ ਸੁਖ ਰਾਸੀ।*

ਇਹ ਆਤਮਾ ਈਸ਼ਵਰ ਦੀ ਅਣਸ ਹੈ। ਇਹ ਮਰਦੀ ਜੰਮਦੀ

ਨਹੀਂ ਹੈ। ਇਹ ਕੁਝ ਸਮੇਂ ਲਈ ਕਿਸੇ ਚੋਲੇ ਵਿਚ ਰਹਿੰਦੀ ਹੈ ਫੇਰ ਕੁਝ ਸਮੇਂ ਬਾਅਦ ਇੱਕ ਚੋਲਾ ਛੱਡ ਕੇ ਦੂਜੇ ਵਿੱਚ ਚਲੀ ਜਾਂਦੀ ਹੈ। ਜਦੋਂ ਇਹ ਆਤਮਾ ਭਗਤੀ ਮਾਰਗ ਵਿੱਚ ਪਰਿਪੱਕ ਹੋ ਜਾਂਦੀ ਹੈ ਫੇਰ ਅਮਰ ਹੋ ਕੇ ਮਾਲਿਕ ਦੇ ਚਰਨਾਂ ਵਿੱਚ ਚਲੀ ਜਾਂਦੀ ਹੈ। ਪਰ ਆਤਮਾ ਕਦੇ ਖਤਮ ਨਹੀਂ ਹੁੰਦੀ। ਇਸੇ ਕਰਕੇ ਹਜ਼ੂਰ ਭੇਦ ਬਖਸ਼ ਰਹੇ ਹਨ ਕਿ ਆਤਮਾ ਨੂੰ ਬੇਨਤੀਆਂ ਕਰਨੀਆਂ ਚਾਹੀਦੀਆਂ ਹਨ ਕਿ ਸੱਚੇ ਪਾਤਿਸ਼ਾਹੋ! ਮੈਂ ਤੁਹਾਡੀ ਅਣਸ ਹਾਂ, ਤੁਹਾਡੇ ਨਾਲੋਂ ਵਿਛੜੀ ਹਾਂ। ਮੈਨੂੰ ਆਪਣੇ ਮਿਲਾਪ ਦਾ ਤਰੀਕਾ ਅਤੇ ਸਾਧਨ ਦੱਸੋ।

**ਗੁਰੁ ਭਾਗਿ ਪੂਰੇ ਪਾਇਆ ਮਿਲ੍ਹਿਆ ਪਿਆਰਾ ਆਇ ॥੧॥**

ਕਿਸੇ ਨੂੰ ਪੂਰਨ ਸਾਧੂ ਮਿਲ ਜਾਣ ਅਤੇ ਜੀਵ ਦੇ ਪੂਰਨ ਭਾਗ ਹੋਣ ਤਦ ਉਹ ਆਤਮਾ ਮਾਲਿਕ ਦੇ ਗਲੇ ਨਾਲ ਲੱਗਦੀ ਹੈ। ਕਈ ਜੀਵ ਪਕੜ ਕਰ ਲੈਂਦੇ ਹਨ। ਉਪਦੇਸ਼ ਦੇਣ ਲੱਗਿਆਂ ਦੱਸਿਆ ਜਾਂਦਾ ਹੈ ਕਿ ਜੀਵ ਦੇ ਬਹੁਤ ਹੀ ਉੱਚੇ ਭਾਗ ਹੋਣ ਤਾਂ ਬਾਹਰਮੁੱਖ ਨਹੀਂ ਅੰਤਰਮੁਖ ਉਹ ਸਰੂਪ ਆ ਕੇ ਮਿਲਦਾ ਹੈ ਅਤੇ ਗਲ ਨਾਲ ਲਾਉਂਦਾ ਹੈ।

*ਹਉ ਤੁਮਰੀ ਕਰਉ ਨਿਤ ਆਸ*
*ਪ੍ਰਭ ਮੋਹਿ ਕਬ ਗਲਿ ਲਾਵਹਿਗੇ ॥੧॥ (ਅੰਗ 1321)*

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਪੂਰਨ ਸਾਧੂ ਮਿਲ ਜਾਣ ਉਹ ਤਰੀਕਾ ਦੱਸਣ ਤਦ ਬਖਸ਼ਿਸ਼ ਹੁੰਦੀ ਹੈ। ਉਪਦੇਸ਼ ਲੈਣ ਤੋਂ ਬਾਅਦ ਸ਼ੁਰੂ-ਸ਼ੁਰੂ ਵਿੱਚ ਜੀਵ ਨੂੰ ਮਾਲਿਕ ਦੇ ਪਰੀਚੇ ਵਿੱਚ ਦਰਸ਼ਨ ਹੁੰਦੇ ਹਨ। ਇਸ ਵਿੱਚ ਪੁਰਸ਼ ਥੋੜ੍ਹੇ ਪਛੜ ਜਾਂਦੇ ਹਨ ਅਤੇ ਬੀਬੀਆਂ ਅੱਗੇ ਲੰਘ ਜਾਂਦੀਆਂ ਹਨ ਕਿਉਂਕਿ ਬੀਬੀਆਂ ਸਮਰਪਿਤ ਬਹੁਤ ਜਲਦੀ ਹੁੰਦੀਆਂ ਹਨ। ਪੁਰਸ਼ ਹੰਕਾਰ ਅਧੀਨ ਆਪਾ ਨਹੀਂ ਮਾਰਦੇ। ਸਤਿਗੁਰ ਅਗਰ ਪੁਰਸ਼ਾਂ ਨੂੰ ਦਰਸ਼ਨ ਵੀ ਬਖਸ਼ਣ, ਪਿਆਰ ਵੀ ਦੇਣ ਫੇਰ ਵੀ ਉਹ ਐਨਾ ਚਾਅ ਮਹਿਸੂਸ ਨਹੀਂ ਕਰਦੇ ਜਿੰਨਾ ਇੱਕ ਆਤਮਾ ਇਸਤਰੀ ਲਿੰਗ ਵਿੱਚ ਹੋਣ ਉਪਰੰਤ ਚਾਅ ਕਰਦੀ ਹੈ। ਇਹ ਸਭ ਕੁਝ ਵਾਪਰਦਾ ਜ਼ਰੂਰ ਹੈ।

*ਖੋਜਤ ਖੋਜਤ ਮੈ ਫਿਰਾ ਖੋਜਉ ਬਨ ਥਾਨ ॥*
*ਅਛਲ ਅਛੇਦ ਅਭੇਦ ਪ੍ਰਭ ਐਸੇ ਭਗਵਾਨ ॥੧॥*
*ਕਬ ਦੇਖਉ ਪ੍ਰਭੁ ਆਪਨਾ ਆਤਮ ਕੈ ਰੰਗਿ ॥*
*ਜਾਗਨ ਤੇ ਸੁਪਨਾ ਭਲਾ ਬਸੀਐ ਪ੍ਰਭ ਸੰਗਿ ॥੧॥*
*(ਅੰਗ 816)*

ਸੁਪਨੇ ਵਿੱਚ ਆ ਕੇ ਮਾਲਿਕ ਸੰਗਤ ਬਖਸ਼ਦੇ ਹਨ ਅਤੇ ਗਲ ਲਾਉਂਦੇ ਹਨ। ਅਸੀਂ ਸੰਗਤ ਨੂੰ ਦੱਸ ਦੇਈਏ ਕਿ ਉਸ ਦਿਨ ਅਪਾਰ ਬਖਸ਼ਿਸ਼ ਹੁੰਦੀ ਹੈ। ਪ੍ਰੰਤੂ ਉਸਦਾ ਇਹ ਲਕਸ਼ ਨਾ ਲਇਉ ਕਿ ਇਨਸਾਨ ਦੇ ਅੰਦਰ ਇੱਕ ਐਸੀ ਤੜਪ ਪੈਦਾ ਹੋ ਜਾਂਦੀ ਹੈ ਉਹ ਸੋਚਦਾ ਹੈ ਕਿ ਅਗਰ ਹੁਣ ਮੈਨੂੰ ਸਾਧੂ ਦਿਸ ਪੈਣ ਤਦ ਮੈਂ ਭੱਜ ਕੇ ਗਲ ਲੱਗ ਜਾਵਾਂ। ਐਸਾ ਕਰਨ ਨਾਲ ਲੋਕਾਂ ਵਿੱਚ ਗਲਤ ਸੰਦੇਸ਼ ਜਾਂਦਾ ਹੈ ਕਿ ਬੀਬੀਆਂ ਦੌੜ-ਦੌੜ ਕੇ ਸਾਧੂ ਦੇ ਗਲ ਲੱਗਦੀਆਂ ਹਨ। ਪਰ ਉਸ ਵਕਤ ਜੀਵ ਦੇ ਵੀ ਵੱਸ ਕੁਝ ਨਹੀਂ ਹੁੰਦਾ ਕਿਉਂਕਿ

*ਐਸਾ ਨਾਮੁ ਰਤਨੁ ਨਿਰਮੋਲਕੁ ਪੁੰਨਿ ਪਦਾਰਥ ਪਾਇਆ ॥*
*ਅਨਿਕ ਜਤਨ ਕਰਿ ਹਿਰਦੈ ਰਾਖਿਆ*
*ਰਤਨੁ ਨ ਛਪੈ ਛਪਾਇਆ ॥੧॥ (ਅੰਗ 659)*

ਉਸ ਕੋਲੋਂ ਰਿਹਾ ਵੀ ਨਹੀਂ ਜਾਂਦਾ। ਲੇਕਿਨ ਬਰਦਾਸ਼ਤ ਕਰਨ ਦੀ ਸ਼ਕਤੀ ਰੱਖਣੀ ਚਾਹੀਦੀ ਹੈ। ਇਸ ਕਰਕੇ ਦੂਰੋਂ ਨਮਸਕਾਰ ਕਰ ਲਉ। ਅਗਰ ਤੁਸੀਂ ਸਤਿ ਸ੍ਰੀ ਅਕਾਲ ਜਾਂ ਰਾਮ ਰਾਮ ਕਹਿਣਾ ਹੈ ਉਹ ਕਹੋ। ਪਰੰਤੂ ਮਾਲਿਕ ਜੀਵ ਨੂੰ ਅੰਦਰ ਦਰਸ਼ਨ ਜ਼ਰੂਰ ਬਖਸ਼ਦੇ ਹਨ। ਜਿਸ ਨੂੰ ਜਿਉਂਦਿਆਂ ਦਰਸ਼ਨ ਨਹੀਂ ਹੋਏ ਮਰਨ ਤੋਂ ਬਾਅਦ ਵੀ ਨਹੀਂ ਹੋਣੇ। ਮਰਨ ਤੋਂ ਬਾਅਦ ਕਿਸੇ ਨੇ ਨਹੀਂ ਮਿਲਣਾ ਜਿਸ ਨੇ ਵੀ ਮਿਲਣਾ ਹੈ ਜਿਉਂਦੀਆਂ ਹੀ ਮਿਲਣਾ ਹੈ। ਇਸ ਕਰਕੇ ਹਜ਼ੂਰ ਮੈਨੂੰ ਆਪਣਾ ਮਿਲਾਪ ਬਖਸ਼ੋ ਤਾਂ ਕਿ ਮੇਰਾ ਜੀਵਨ ਔਂਤਰ ਨਾ ਜਾਵੇ।

**ਮਨ ਕਰਹਲਾ ਸਤਿਗੁਰੁ ਪੁਰਖੁ ਧਿਆਇ ॥੧॥ ਰਹਾਉ ॥**

ਮਨ ਨੂੰ ਬੇਨਤੀ ਕਰੋ ਕਿਉਂਕਿ ਇਹ ਮਨ ਬਹੁਤ ਔਖਾ ਮੰਨਦਾ ਹੈ।

*ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ ॥*
*ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ*
*ਬਾਹੁੜਿ ਜਨਮਿ ਨ ਆਵਾ ॥੧॥ (ਅੰਗ 795)*

ਇਹ ਮਨ ਜੀਵ ਦੇ ਅੰਦਰ ਬੈਠਾ ਹੈ। ਇਹ ਜੀਵ ਨੂੰ ਭਜਾਈ ਫਿਰਦਾ ਹੈ। ਇਸ ਕਰਕੇ ਮਨ ਨੂੰ ਬੇਨਤੀ ਕਰੋ ਕਿ ਐ ਮਨਾ! ਖਾਣਾ ਹੈ ਤਦ ਖਾ ਲੈ, ਸੌਣਾ ਹੈ ਤਦ ਸੌਂ ਲੈ, ਜੋ ਵੀ ਕਰਨਾ ਹੈ ਕਰ ਲੈ। ਪਰ ਜਦੋਂ ਮੈਂ ਸਿਮਰਨ ਕਰਨ ਲੱਗਦਾ ਹਾਂ ਉਦੋਂ ਮੇਰੇ ਉੱਪਰ ਕਿਰਪਾ ਕਰਿਆ ਕਰ। ਉਦੋਂ ਮੈਨੂੰ ਟਪੂਸੀਆਂ ਨਾ ਮਰਵਾਇਆ ਕਰ। ਪਰ ਮਨ ਇਕ ਐਸੀ ਸ਼ਕਤੀ ਹੈ ਅੱਗੋਂ ਪਿੱਛੋਂ ਜਿਹੜੀਆਂ ਗੱਲਾਂ ਚੇਤੇ ਨਹੀਂ ਆਉਣਗੀਆਂ, ਸਿਮਰਨ ਤੇ ਬੈਠਦਿਆਂ ਸਾਰ ਹੀ ਤੁਹਾਨੂੰ ਉਹਨਾਂ ਦਾ ਚੇਤਾ ਆਵੇਗਾ ਕਿ ਪਤਾ ਨਹੀਂ ਮੇਰੀ ਫਲਾਣੀ ਚੀਜ ਉੱਥੇ ਹੈ ਜਾਂ ਨਹੀਂ? ਮੈਂ ਕਿਤੇ ਬਾਹਰ ਹੀ ਨਾ ਛੱਡ ਆਇਆ ਹੋਵਾਂ? ਜੀਵ ਸਿਮਰਨ ਤੋਂ ਉੱਠ ਕੇ ਵੇਖਣ ਜਾਵੇਗਾ ਕਿ ਉੱਥੇ ਚੀਜ ਹੈ ਜਾਂ ਨਹੀਂ। ਦੱਸੋ ਦਰਵਾਜੇ ਬੰਦ ਹਨ, ਰਾਤ ਨੂੰ ਕਿਸੇ ਨੇ ਆਉਣਾ ਨਹੀਂ ਹੈ। ਫੇਰ ਤੂੰ ਸਿਮਰਨ ਕਰਨ ਤੋਂ ਬਾਅਦ ਉੱਠ ਕੇ ਦੇਖ ਲਵੀਂ। ਪਰ ਮਨ ਉਸੇ ਵਕਤ ਉਠਾ ਦਿੰਦਾ ਹੈ। ਇਸ ਕਰਕੇ ਮਨ ਨੂੰ ਬੇਨਤੀ ਕਰੋ ਕਿ ਐ ਮਨਾ! ਕਿਰਪਾ ਕਰ, ਤੂੰ ਵੀ ਉਸੇ ਸਤਿਗੁਰ ਦਾ ਬੱਚਾ ਏਂ ਅਤੇ ਮੈਂ ਵੀ ਉਸੇ ਸਤਿਗੁਰ ਦਾ ਬੱਚਾ ਹਾਂ। ਮੇਰੇ ਉੱਪਰ ਕਿਰਪਾ ਕਰ ਮੈਨੂੰ ਥੋੜ੍ਹੀ ਦੇਰ ਸਿਮਰਨ ਕਰ ਲੈਣ ਦੇ, ਫਰਿਆਦ ਕਰ ਲੈਣ ਦੇ। ਫੇਰ ਤੂੰ ਜੋ ਵੀ ਕਹੇਂਗਾ ਮੈਂ ਉਹ ਕਰਾਂਗਾ। ਪਰ ਮੈਨੂੰ ਇੱਕ

ਵਾਰੀ ਮੁਆਫ਼ ਕਰ ਦੇਹ। ਤੁਸੀਂ ਸਾਰੇ ਇਹ ਜੁਗਤੀ ਜਰੂਰ ਵਰਤ ਕੇ ਦੇਖਣਾ।

**ਮਨ ਕਰਹਲਾ ਵੀਚਾਰਿਆ ਹਰਿ ਰਾਮ ਨਾਮ ਧਿਆਇ ॥**

ਮਨ ਨੂੰ ਕਹੋ ਕਿ ਐ ਮਨਾ! ਤੂੰ ਵਿਚਾਰ ਕਰ ਲੈ। ਮੈਂ ਸਾਰਾ ਦਿਨ ਤੇਰੇ ਕਹਿਣ ਤੇ ਬੋਲਦਾ ਰਿਹਾ ਹਾਂ, ਰੌਲਾ ਪਾਉਂਦਾ ਰਿਹਾ ਹਾਂ। ਜੋ ਵੀ ਤੂੰ ਕਿਹਾ ਮੈਂ ਕਰਦਾ ਰਿਹਾ ਹਾਂ। ਹੁਣ ਤੂੰ ਦੋ ਮਿੰਟ ਮੇਰੇ ਆਖੇ ਲੱਗ ਕੇ ਸਿਮਰਨ ਕਰ ਲੈ। ਦਿਨ ਸਮੇਂ ਧੀਆਂ, ਪੁੱਤਰਾਂ ਰਿਸ਼ਤੇਦਾਰੀਆਂ ਦੀਆਂ ਗੱਲਾਂ ਕਰਦਾ ਏਂ। ਹੁਣ ਚਾਹੇ ਥੋੜ੍ਹੇ ਮਿੰਟਾਂ ਲਈ ਹੀ ਸਹੀ ਸਿਮਰਨ ਜਰੂਰ ਕਰ ਲੈ।

**ਜਿਥੈ ਲੇਖਾ ਮੰਗੀਐ ਹਰਿ ਆਪੇ ਲਏ ਛਡਾਇ ॥੨॥**

ਅਗਰ ਇਸ ਤਰ੍ਹਾਂ ਮਨ ਨੂੰ ਸਮਝਾ ਕੇ ਸਿਮਰਨ ਕਰੋਗੇ। ਫੇਰ ਜਿੱਥੇ ਬੇਨਤੀ ਕਰੋਗੇ ਹਜ਼ੂਰ ਉੱਥੇ ਹੀ ਆ ਕੇ ਤੁਹਾਡੀ ਮਦਦ ਕਰਨਗੇ ਅਤੇ ਤੁਹਾਨੂੰ ਫਸਿਆਂ ਨੂੰ ਛੁਡਾਉਣਗੇ।

**ਮਨ ਕਰਹਲਾ ਅਤਿ ਨਿਰਮਲਾ**

**ਮਲੁ ਲਾਗੀ ਹਉਮੈ ਆਇ ॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਅਗਰ ਮਨ ਨੂੰ ਬੇਨਤੀ ਕਰੋਗੇ ਫੇਰ ਤੁਹਾਡੀ ਹਉਮੈ ਦੀ ਮੈਲ ਵੀ ਸਾਫ ਹੋ ਜਾਵੇਗੀ।

**ਪਰਤਖਿ ਪਿਰੁ ਘਰਿ ਨਾਲਿ ਪਿਆਰਾ**

**ਵਿਛੁੜਿ ਚੋਟਾ ਖਾਇ ॥੩॥**

ਅਗਰ ਅਸੀਂ ਉਸ ਪਿਆਰੇ ਨੂੰ ਵਿਛੜ ਜਾਵਾਂਗੇ ਫੇਰ ਕਾਲ ਦੀਆਂ ਚੋਟਾਂ ਖਾਵਾਂਗੇ। ਅਗਰ ਉਸ ਪਿਆਰੇ ਦੇ ਨਾਲ ਰਹਾਂਗੇ ਫੇਰ ਬਖਸ਼ਿਸ਼ ਹੋਵੇਗੀ।

**ਮਨ ਕਰਹਲਾ ਮੇਰੇ ਪ੍ਰੀਤਮਾ ਹਰਿ ਰਿਦੈ ਭਾਲਿ ਭਾਲਾਇ ॥**

ਇਸੇ ਤਰ੍ਹਾਂ ਦੀ ਹੀ ਫਰਿਆਦ ਪ੍ਰੀਤਮ, ਮਾਲਿਕ ਪਾਸ ਕਰੋ ਕਿ ਸੱਚੇ ਪਾਤਿਸ਼ਾਹੋ! ਮਨ ਤਾਂ ਆਖੇ ਨਹੀਂ ਲੱਗਦਾ ਪਰ ਤੁਸੀਂ ਕਿਰਪਾ ਕਰਕੇ ਮੇਰੇ ਹਿਰਦੇ ਵਿੱਚ ਵਾਸਾ ਕਰੋ।

**ਉਪਾਇ ਕਿਤੈ ਨ ਲਭਈ**

**ਗੁਰੁ ਹਿਰਦੈ ਹਰਿ ਦੇਖਾਇ ॥੪॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਇਸ ਦਾ ਉਪਾਅ ਹੋਰ ਕਿਤੇ ਨਹੀਂ ਹੈ। ਸਤਿਗੁਰ ਹੀ ਕਿਰਪਾ ਕਰਕੇ ਹਿਰਦੇ ਵਿੱਚ ਦਰਸ਼ਨ ਬਖਸ਼ ਦੇਣ।

*ਦਾਸ ਤੇਰੇ ਕੀ ਬੇਨਤੀ ਰਿਦ ਕਰਿ ਪਰਗਾਸੁ ॥*

*ਤੁਮ੍ਹਰੀ ਕ੍ਰਿਪਾ ਤੇ ਪਾਰਬ੍ਰਹਮ ਦੋਖਨ ਕੋ ਨਾਸੁ ॥ (ਅੰਗ 818)*

ਹਜ਼ੂਰ ਕਿਰਪਾ ਕਰੋ ਬਖਸ਼ਿਸ਼ ਕਰੋ ਅਤੇ ਮੇਰੇ ਹਿਰਦੇ ਵਿੱਚ ਨਿਵਾਸ ਬਖਸ਼ੋ ਤਾਂਕਿ ਮੇਰਾ ਜੀਵਨ ਸਫਲ ਹੋਵੇ।

# ਸਤਿਸੰਗ

**ਵਡਹੰਸੁ ਮਹਲਾ ੪ ਛੰਤ**

**ੴ ਸਤਿਗੁਰ ਪ੍ਰਸਾਦਿ ॥** (ਅੰਗ 572)

**ਮੇਰੈ ਮਨਿ ਮੇਰੈ ਮਨਿ ਸਤਿਗੁਰਿ ਪ੍ਰੀਤਿ ਲਗਾਈ ਰਾਮ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਸੋਢੀ ਸੁਲਤਾਨ ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਅਗਰ ਕੋਈ ਜੀਵ ਸੋਚੇ ਕਿ ਮੈਂ ਆਪ ਸਾਧੂਆਂ ਨਾਲ ਪ੍ਰੀਤ ਲਗਾ ਲਵਾਂ ਤਾਂ ਇਹ ਬਹੁਤ ਮੁਸ਼ਕਿਲ ਹੈ। ਮੈਂ ਗੁਰਬਾਣੀ ਨਾਲ ਪ੍ਰੀਤ ਲਾਵਾਂ, ਬਹੁਤ ਮੁਸ਼ਕਿਲ ਹੈ। ਸਤਿਗੁਰ ਹੀ ਕਿਰਪਾ ਕਰਕੇ ਪ੍ਰੀਤ ਲਾਉਣ ਤਦ ਜੀਵ ਦੀ ਪ੍ਰੀਤ ਜਾਗਦੀ ਹੈ। ਅਸੀਂ ਦੇਖਿਆ ਹੈ ਅਗਰ ਲੜਕੀ ਆਪਣੇ ਪਤੀ ਨੂੰ ਪ੍ਰੀਤ, ਪਿਆਰ ਕਰਦੀ ਹੈ ਅਤੇ ਪਤੀ ਦਾ Response ਠੀਕ ਨਹੀਂ ਆਉਂਦਾ ਤਦ ਉਸ ਦੀ ਪ੍ਰੀਤ ਵੀ ਵਿਅਰਥ ਜਾਂਦੀ ਹੈ। ਫੇਰ ਸਤਿਗੁਰ ਤਾਂ ਬਹੁਤ ਉੱਚੀ ਸੁੱਚੀ ਤਾਕਤ ਹੈ। ਹਜ਼ੂਰ ਚੌਥੇ ਪਾਤਿਸ਼ਾਹ ਸੇਵਾ ਵਿੱਚ ਸਨ। ਪਹਿਲਾਂ ਪਹਿਲ ਸਾਧੂ ਮਹਾਤਮਾ ਲੰਗਰ 'ਤੇ ਦ੍ਰਿਸ਼ਟੀ ਪਾਉਣ ਜਾਇਆ ਕਰਦੇ ਸਨ ਪਰ ਗੁਰਬਾਣੀ ਦੀ ਸਥਾਪਨਾ ਹੋਣ ਤੋਂ ਬਾਅਦ ਲੰਗਰ ਦੀ ਅਰਦਾਸ ਕਰਨ ਦੀ ਪ੍ਰੰਪਰਾ ਬਣਾ ਦਿੱਤੀ ਗਈ ਹੈ ਕਿ ਹਜ਼ੂਰ ਭੋਗ ਲਾਉਣ ਅਤੇ ਭੋਗ ਲੱਗਾ ਪ੍ਰਸ਼ਾਦ ਸੰਗਤ ਵਿੱਚ ਵਰਤਾਉਣ ਦੀ ਆਗਿਆ ਬਖਸ਼ਣ। ਪਰ ਪਹਿਲੇ ਸਮੇਂ ਵਿੱਚ ਲੰਗਰ ਤਿਆਰ ਕਰਕੇ ਸਾਰੇ ਟੱਬ, ਕੜਾਹ ਪੂਰੀਆਂ, ਸਬਜੀ ਰੱਖ ਦੇਣੀਆਂ ਅਤੇ ਸਾਧੂਆਂ ਨੇ ਦ੍ਰਿਸ਼ਟੀ ਪਾਉਣੀ ਅਤੇ ਫੇਰ ਉਹ ਲੰਗਰ ਸੰਗਤ ਵਿੱਚ ਵਰਤਾਇਆ ਜਾਣਾ। ਸਾਡੇ ਹਜ਼ੂਰ ਦੇ ਸਮੇਂ ਵੀ ਇੰਝ ਹੀ ਹੁੰਦਾ ਸੀ।

ਇੱਕ ਦਿਨ ਹਜ਼ੂਰ ਤੀਸਰੇ ਪਾਤਿਸ਼ਾਹ ਲੰਗਰ ਉੱਪਰ ਦ੍ਰਿਸ਼ਟੀ ਪਾਉਣ ਜਾ ਰਹੇ ਸਨ। ਹਜ਼ੂਰ ਚੌਥੇ ਪਾਤਿਸ਼ਾਹ ਵੀ ਨਾਲ ਜਾ ਰਹੇ ਸਨ। ਹਜ਼ੂਰ ਦੇ ਨਾਲ ਤੁਰੇ ਜਾਂਦਿਆਂ ਹਜ਼ੂਰ ਚੌਥੇ ਪਾਤਿਸ਼ਾਹ ਜੀ ਦੀ ਬਾਂਹ ਹਜ਼ੂਰ ਤੀਸਰੇ ਪਾਤਿਸ਼ਾਹ ਜੀ ਤੋਂ ਅੱਗੇ ਨਿਕਲ ਗਈ। ਹਜ਼ੂਰ ਚੌਥੇ ਪਾਤਿਸ਼ਾਹ ਜੀ ਨੇ ਆਪਣੇ ਮਨ ਅੰਦਰ ਹੀ ਇਸ ਗੱਲ ਦਾ ਬਹੁਤ ਬੁਰਾ ਮਨਾਇਆ ਕਿ ਹਜ਼ੂਰ ਹੌਲੀ ਹੋ ਗਏ ਸੀ। ਮੇਰੀ ਬਾਂਹ ਅੱਗੇ ਕਿਉਂ ਗਈ। ਅਗਲੇ ਦਿਨ ਜਦੋਂ ਹਜ਼ੂਰ ਤੀਸਰੇ ਪਾਤਿਸ਼ਾਹ ਜੀ ਆਏ ਤਾਂ ਕੀ ਦੇਖਿਆ ਕਿ ਹਜ਼ੂਰ ਚੌਥੇ ਪਾਤਿਸ਼ਾਹ ਜੀ ਨੇ ਬਾਂਹ ਨੂੰ ਫੱਟੀਆਂ ਬੰਨ੍ਹ ਕੇ ਗਲ ਵਿੱਚ ਪਾਈ ਹੋਈ ਸੀ। ਹਜ਼ੂਰ ਨੇ ਪੁੱਛਿਆ ਪੁੱਤਰ! ਕੀ ਗੱਲ ਹੈ ਬਾਂਹ ਨੂੰ ਸੱਟ ਲੱਗ ਗਈ ਹੈ? ਹਜ਼ੂਰ ਚੌਥੇ ਪਾਤਿਸ਼ਾਹ ਜੀ ਨੇ ਕਿਹਾ ਨਹੀਂ ਹਜ਼ੂਰ! ਇਹ ਬਾਂਹ ਗੁਸਤਾਖ ਹੋ ਗਈ ਹੈ। ਜਦੋਂ ਪਿਛਲੀ ਵਾਰ

ਤੁਸੀਂ ਲੰਗਰ ਉੱਪਰ ਦ੍ਰਿਸ਼ਟੀ ਪਾਉਣ ਆਏ ਸੀ ਤਦ ਇਹ ਬਾਂਹ ਅੱਗੇ ਲੰਘ ਗਈ ਸੀ। ਹੁਣ ਮੈਂ ਇਸ ਨੂੰ ਫੱਟੀਆਂ ਪਾ ਕੇ ਬੰਨ੍ਹ ਦਿੱਤਾ ਹੈ ਕਿ ਹੁਣ ਮਹਾਰਾਜ ਜੀ ਤੋਂ ਅੱਗੇ ਲੰਘ ਕੇ ਦੱਸ। ਉਹ ਐਨੀ ਪ੍ਰੀਤ ਕਰਦੇ ਸੀ ਕਿ ਜਵਾਈ ਹੁੰਦਿਆਂ ਹੋਇਆਂ ਵੀ ਸੰਗਤ ਦੇ ਜੂਠੇ ਬਰਤਨ ਸਾਫ ਕਰਦੇ ਸਨ ਅਤੇ ਸਾਰੀ ਰਾਤ ਸੇਵਾ ਵਿੱਚ ਰਹਿਣਾ। ਆਪਣੇ ਸਤਿਗੁਰ ਦੇ ਚਰਨ ਦਬਾਉਣੇ, ਕਈ ਕਈ ਦਿਨ ਜਾਗਦੇ ਰਹਿਣਾ। ਸੰਗਤ ਨੇ ਹਜ਼ੂਰ ਚੌਥੇ ਪਾਤਿਸ਼ਾਹ ਜੀ ਨੂੰ ਪੁੱਛਿਆ ਕਿ ਤੁਸੀਂ ਆਪਣੇ ਸਤਿਗੁਰ ਨਾਲ ਬਹੁਤ ਪ੍ਰੀਤ ਕਰਦੇ ਹੋ ਇਸ ਦਾ ਕੀ ਕਾਰਨ ਹੈ? ਤਦ ਹਜ਼ੂਰ ਚੌਥੇ ਪਾਤਿਸ਼ਾਹ ਜੀ ਨੇ ਫੁਰਮਾਨ ਕੀਤਾ ਕਿ ਮੇਰੇ ਮਨ ਨੂੰ ਪ੍ਰੀਤ ਮੇਰੇ ਸਤਿਗੁਰ ਨੇ ਬਖਸ਼ਿਸ਼ ਕੀਤੀ ਹੈ। ਮੈਂ ਆਪ ਪ੍ਰੀਤ ਨਹੀਂ ਕਰ ਸਕਦਾ। ਮੇਰੇ ਹਜ਼ੂਰ ਮੇਰੇ ਨਾਲ ਪ੍ਰੀਤ ਕਰਦੇ ਹਨ ਇਸ ਕਰਕੇ ਇਹ ਸਾਰੀ ਪ੍ਰੀਤ ਲੱਗੀ ਹੈ।

**ਹਰਿ ਹਰਿ ਹਰਿ ਹਰਿ ਨਾਮੁ ਮੇਰੈ ਮੰਨਿ ਵਸਾਈ ਰਾਮ॥**

ਮੇਰੇ ਸਤਿਗੁਰ ਨੇ ਉਸ ਹਰੀ ਦੇ ਨਾਮ ਦਾ ਮੇਰੇ ਮਨ ਵਿੱਚ ਵਾਸਾ ਕਰ ਦਿੱਤਾ ਹੈ। ਹਜ਼ੂਰ ਨੇ ਮੇਰੇ ਕੋਲੋਂ ਲਗਾਤਾਰ ਐਨਾ ਸਿਮਰਨ ਕਰਵਾਇਆ ਹੈ, ਦ੍ਰਿੜ ਕਰਵਾਇਆ ਹੈ ਕਿ ਹਰੀ ਦਾ ਨਾਮ ਮੇਰੇ ਹਿਰਦੇ ਵਿੱਚ ਵੱਸ ਗਿਆ ਹੈ। ਕਵੀਆਂ ਨੇ ਲਿਖਿਆ ਹੈ ਕਿ

*ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ।*
*ਤੈਂ ਵਿੱਚ ਰਾਂਝਾ ਮੈਂ ਵਿੱਚ ਰਾਂਝਾ ਹੋਰ ਨ ਦਿਸੇ ਕੋਈ।*
*ਸੱਦੋ ਨੀ ਮੈਨੂੰ ਧੀਦੋ ਰਾਂਝਾ ਹੀਰ ਨ ਆਖੋ ਕੋਈ।*

ਹੀਰ ਕਹਿੰਦੀ ਹੈ ਮੈਂ ਰਾਂਝਾ ਰਾਂਝਾ ਕਰਦੀ ਹੋਈ ਰਾਂਝਾ ਹੀ ਬਣ ਗਈ ਹਾਂ। ਹਜ਼ੂਰ ਚੌਥੇ ਪਾਤਿਸ਼ਾਹ ਜੀ ਫੁਰਮਾਨ ਕਰ ਰਹੇ ਹਨ ਕਿ ਮੈਂ ਹਰੀ ਦਾ ਐਨਾ ਜਾਪ ਕੀਤਾ ਹੈ ਜਿਸ ਤਰ੍ਹਾਂ ਗੁਰੂ ਰਵਿਦਾਸ ਜੀ ਨੇ ਹਰੀ ਦਾ ਜਾਪ ਕਰਕੇ ਅੰਦਰ ਹਰੀ ਨੂੰ ਪ੍ਰਾਪਤ ਕੀਤਾ, ਹਨੂੰਮਾਨ ਜੀ ਨੇ ਰਾਮ ਰਾਮ ਜਪ ਕੇ ਆਪਣੀ ਛਾਤੀ ਪਾੜ ਕੇ ਦਿਖਾਇਆ ਕਿ ਮੇਰੇ ਅੰਦਰ ਸਿਰਫ ਰਾਮ ਹੀ ਵਸ ਰਹੇ ਹਨ। ਮੇਰੇ ਹਿਰਦੇ ਵਿੱਚ ਰਾਮ ਦਾ ਵਾਸਾ ਹੋ ਗਿਆ ਹੈ। ਇਸੇ ਤਰ੍ਹਾਂ ਹਜ਼ੂਰ ਚੌਥੇ ਪਾਤਿਸ਼ਾਹ ਜੀ ਫੁਰਮਾਨ ਕਰ ਰਹੇ ਹਨ ਕਿ ਮੇਰੇ ਸਤਿਗੁਰ ਨੇ ਹਰੀ ਦਾ ਜਾਪ ਕਰਵਾ ਕੇ ਉਸ ਹਰੀ ਦਾ ਵਾਸਾ ਮੇਰੇ ਹਿਰਦੇ ਵਿੱਚ ਕਰਵਾ ਦਿੱਤਾ ਹੈ।

**ਹਰਿ ਹਰਿ ਨਾਮੁ ਮੇਰੈ ਮੰਨਿ ਵਸਾਈ**
**ਸਭਿ ਦੂਖ ਵਿਸਾਰਣਹਾਰਾ॥**

ਜਿਸ ਦੇ ਅੰਦਰ ਹਰੀ ਦੇ ਨਾਮ ਦਾ ਵਾਸਾ ਹੋ ਜਾਂਦਾ ਹੈ ਉਸ ਨੂੰ ਕੋਈ ਦੁੱਖ ਨਹੀਂ ਰਹਿ ਸਕਦਾ। ਜਿੰਨੇ ਜੀਵਾਂ ਨੂੰ ਵੀ ਕੋਈ ਦੁੱਖ ਹੈ, ਬਿਮਾਰੀਆਂ, ਮੁਕੱਦਮੇ, ਝਗੜੇ ਹਨ ਜਾਂ ਲੜਕੀ ਦਾ ਪਤੀ ਸਹਿਮਤ ਨਹੀਂ ਹੈ ਜਾਂ ਲੜਕੀ ਪਤੀ ਨਾਲ ਸਹਿਮਤ ਨਹੀਂ ਹੈ। ਇਸ ਸਭ ਕੁਛ ਦਾ ਇੱਕੋ ਇਲਾਜ ਹੈ ਕਿ ਅੰਦਰ ਹਰੀ ਦਾ ਸਿਮਰਨ ਕਰੋ।

*ਜਾ ਪਰ ਕਿਰਪਾ ਰਾਮ ਕੀ ਹੋਈ।*
*ਤਾ ਪਰ ਕਿਰਪਾ ਕਰੇ ਸਭ ਕੋਈ।*

ਜਿਸ ਜੀਵ ਉੱਪਰ ਉਸ ਰਾਮ ਦੀ ਕਿਰਪਾ ਹੋਣੀ ਹੈ ਸਾਰੀ ਦੁਨੀਆਂ ਨੇ ਉਸ ਜੀਵ ਉੱਪਰ ਕਿਰਪਾ ਕਰਨੀ ਹੈ।

*ਰਾਮ ਕਿਰਪਾ ਤੇ ਨਾਸੇ ਸਭ ਰੋਗਾ।*
*ਜੋ ਜਿਹ ਭਾਗ ਬਨੇ ਸੰਯੋਗਾ।*

ਰਾਮ ਦੀ ਕਿਰਪਾ ਨਾਲ ਹੀ ਬਖਸ਼ਿਸ਼ ਹੁੰਦੀ ਹੈ। ਪਰ ਭਾਗਾਂ ਨਾਲ ਐਸੇ ਸੰਯੋਗ ਬਣਨ, ਰੋਗ ਨਵਿਰਤ ਹੋਣ, ਚਾਹੇ ਕਿੰਨੀਆਂ ਵੀ ਬਿਮਾਰੀਆਂ ਲੱਗੀਆਂ ਹੋਣ ਜਦੋਂ ਜੀਵ ਦੇ ਅੰਦਰ ਰਾਮ ਦਾ ਵਾਸਾ ਹੋ ਜਾਣਾ ਹੈ ਉੱਥੇ ਹਜ਼ੂਰ ਨੇ ਸਾਰੇ ਰੋਗ ਨਵਿਰਤ ਕਰ ਦੇਣੇ ਹਨ।

**ਵਡਭਾਗੀ ਗੁਰ ਦਰਸਨੁ ਪਾਇਆ**
**ਧਨੁ ਧਨੁ ਸਤਿਗੁਰੂ ਹਮਾਰਾ॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਅਸੀਂ ਭਾਗਾਂ ਵਾਲੇ ਹਾਂ ਜੋ ਸਾਨੂੰ ਸਤਿਗੁਰ ਮਿਲ ਪਏ ਹਨ, ਸਾਨੂੰ ਦਰਸ਼ਨ ਹੋ ਗਏ ਹਨ। ਸਾਡੇ ਸਤਿਗੁਰ ਵੀ ਧੰਨ ਹਨ ਅਤੇ ਅਸੀਂ ਵੀ ਧੰਨ ਹੋ ਗਏ ਹਾਂ ਜੋ ਸਾਨੂੰ ਸਤਿਗੁਰ ਦਾ ਮਿਲਾਪ ਹੋ ਗਿਆ ਹੈ।

**ਊਠਤ ਬੈਠਤ ਸਤਿਗੁਰੁ ਸੇਵਹ**
**ਜਿਤੁ ਸੇਵਿਐ ਸਾਂਤਿ ਪਾਈ॥**

ਇਸ ਕਰਕੇ ਉੱਠਦਿਆਂ, ਬੈਠਦਿਆਂ, ਖਾਂਦਿਆਂ, ਪੀਂਦਿਆਂ ਉਸ ਮਾਲਿਕ ਦਾ ਜਾਪ ਕਰੋ। ਜੋ ਵੱਡੀ ਉਮਰ ਦੇ ਜੀਵ ਹਨ ਉਹ ਉੱਠਣ ਲੱਗਿਆਂ 'ਹੰਭਲੇ' ਕਹਿ ਕੇ ਉੱਠਦੇ ਹਨ। ਜਿਸ ਤਰ੍ਹਾਂ ਵਧੀਆ ਖੇਡਣ ਵਾਲੇ ਬੱਚੇ ਨੂੰ ਸ਼ਾਬਾਸ਼ ਦੇਈਦੀ ਹੈ ਇਸ ਤਰ੍ਹਾਂ ਬਜੁਰਗ ਜੀਵ ਕਿਸੇ ਚੀਜ ਨੂੰ ਫੜ ਕੇ ਔਖਾ ਹੋ ਕੇ ਉੱਠਦਾ ਹੈ ਅਤੇ ਫੇਰ ਵੀ ਕਹਿੰਦਾ ਹੈ ਕਿ 'ਹਈ ਸ਼ਾਬਾਸ਼ੇ'! ਉਹ ਆਪਣੇ ਆਪ ਨੂੰ ਸ਼ਾਬਾਸ਼ ਦੇਈ ਜਾਵੇਗਾ। ਪਰ ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਉਸ ਸਮੇਂ ਐਸੀਆਂ ਗੱਲਾਂ ਕਰਨ ਨਾਲੋਂ ਸਤਿਗੁਰੂ, ਸਤਿਨਾਮੁ, ਰਾਮ-ਰਾਮ, ਵਾਹਿਗੁਰੂ ਕਹਿ ਕੇ ਉੱਠੋ। ਅਤੇ ਬੈਠਦਿਆਂ ਵੀ ਜਾਪ ਕਰੋ। ਅਸੀਂ ਦੇਖਿਆ ਹੈ ਜਦੋਂ ਇਨਸਾਨ ਜਵਾਨ ਹੁੰਦਾ ਹੈ ਉਦੋਂ ਬੜੇ ਆਰਾਮ ਨਾਲ ਉੱਠਦਾ ਬੈਠਦਾ ਹੈ ਪਰ ਜਦੋਂ ਬੁੱਢਾ ਹੋ ਜਾਂਦਾ ਹੈ ਉਹ ਥੋੜ੍ਹਾ ਜਿਹਾ ਨਿਉਂ ਕੇ ਘੜੱਪ ਕਰਕੇ ਡਿੱਗਦਾ ਹੈ। ਚਾਹੇ ਥੱਲੇ ਪਈ ਕੋਈ ਚੀਜ ਟੁੱਟ ਜਾਵੇ ਪਰ ਉਸ ਕੋਲ ਹੌਲੀ ਬੈਠਣ ਦਾ ਹੌਸਲਾ ਨਹੀਂ ਹੁੰਦਾ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਇੱਕ ਦਿਨ ਇਸ ਸਰੀਰ ਨੇ ਵੀ ਜੁਆਬ ਦੇ ਦੇਣਾ ਹੈ। ਪਰ ਸ਼ੁਰੂ ਤੋਂ ਹੀ ਉਸ ਮਾਲਿਕ ਦਾ ਨਾਮ ਲੈ ਕੇ ਉੱਠੋ, ਮਾਲਿਕ ਦਾ ਨਾਮ ਲੈ ਕੇ ਬੈਠੋ, ਮਾਲਿਕ ਦਾ ਨਾਮ ਲੈ ਕੇ ਤੁਰੋ, ਖਾਵੋ, ਸੌਂਵੋ, ਜਾਗੋ। ਫੇਰ ਜੋ ਬਖਸ਼ਿਸ਼ਾਂ ਹੁੰਦੀਆਂ ਹਨ ਉਸ ਦਾ ਕੋਈ ਪਾਰਾਵਾਰ ਨਹੀਂ ਪਾ ਸਕਦਾ।

**ਮੇਰੈ ਮਨਿ ਮੇਰੈ ਮਨਿ ਸਤਿਗੁਰ ਪ੍ਰੀਤਿ ਲਗਾਈ ॥੧॥**

ਐ ਦੁਨੀਆਂ ਵਾਲਿਓ! ਮੇਰੇ ਮਨ ਵਿੱਚ ਮੇਰੇ ਸਤਿਗੁਰ ਨੇ ਪਿਆਰ ਬਖਸ਼ਿਸ਼ ਕੀਤਾ।

*ਸਾਚ ਕਹੂੰ ਸੁਨ ਲੇਹ ਸਭੀ*
*ਜਿਨਿ ਪ੍ਰੇਮ ਕੀਓ ਤਿਨਿ ਹੀ ਪ੍ਰਭ ਪਾਇਓ।*

ਜਿਨ੍ਹਾ ਨੇ ਸਤਿਗੁਰ ਨਾਲ ਪਿਆਰ ਕੀਤਾ ਹੈ। ਸਤਿਗੁਰ ਉਹਨਾਂ ਦੇ ਅੰਗ ਸੰਗ ਰਹਿੰਦੇ ਹਨ।

# ਸਤਿਸੰਗ

**ਆਸਾ ਮਹਲਾ ੧ ਇਕਤੁਕੀ ॥** (ਅੰਗ 416)

**ਗੁਰ ਸੇਵੇ ਸੋ ਠਾਕੁਰ ਜਾਨੈ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥*
*(ਅੰਗ 1395)*

ਸਾਨੂੰ ਸਿੱਖਿਆ ਬਖਸ਼ ਰਹੇ ਹਨ ਕਿ ਦੁਨੀਆਂ ਕਹਿੰਦੀ ਹੈ ਕਿ ਵਾਹਿਗੁਰੂ ਹਨ, ਠਾਕੁਰ ਹਨ, ਰਾਮ ਹਨ, ਅੱਲਾਹ, ਗੋਬਿੰਦ, ਮਾਧੋ, ਰਮਈਆ, ਗੁਸਈਆਂ ਹਨ। ਪਰ ਜਦੋਂ ਤੱਕ ਕਿਸੇ ਜੀਵ ਨੂੰ ਪੂਰਨ ਸਤਿਗੁਰ ਨਹੀਂ ਮਿਲਦੇ ਉਸ ਨੂੰ ਠਾਕੁਰ ਦਾ ਭੇਦ ਪਤਾ ਨਹੀਂ ਚੱਲ ਸਕਦਾ। ਕਿਉਂਕਿ ਠਾਕੁਰ, ਰਾਮ, ਵਾਹਿਗੁਰੂ, ਅੱਲਾਹ, ਗਾਡ ਦਾ ਭੇਦ ਸਤਿਗੁਰ ਹੀ ਬਖਸ਼ਦੇ ਹਨ। ਵਰਨਾ

*ਜੇ ਕੋ ਕਹੈ ਸੰਤ ਹਮ ਚੀਨ,*
*ਤੁਲਸੀ ਹਾਥ ਕਾਨ ਪਰ ਦੀਨ।*
*ਉਨਕਾ ਭੇਦ ਕੋਊ ਨਹੀ ਪਾਵੈ*
*ਚਾਹੇ ਕੋਟਨ ਜੁਗ ਸਮਾਧ ਲਗਾਵੈ॥*

ਤਥਾ

*ਭਲੇ ਅਮਰਦਾਸ ਗੁਣ ਤੇਰੇ*
*ਤੇਰੀ ਉਪਮਾ ਤੋਹਿ ਬਨਿ ਆਵੈ॥ ੧॥ (ਅੰਗ 1396)*

ਕੋਈ ਸੰਤਾਂ ਦਾ ਭੇਦ ਨਹੀਂ ਜਾਣ ਸਕਦਾ। ਫੇਰ ਠਾਕੁਰ ਦਾ ਭੇਦ ਕੌਣ ਜਾਣੇਗਾ। ਸੋਈ ਜਦੋਂ ਤੱਕ ਪੂਰਨ ਸਾਧੂ, ਸੰਤ ਨਾ ਮਿਲਣ ਓਨੀ ਦੇਰ ਜੀਵ ਨੂੰ ਠਾਕੁਰ ਦਾ ਭੇਦ ਪਤਾ ਨਹੀਂ ਚੱਲ ਸਕਦਾ।

**ਦੂਖੁ ਮਿਟੈ ਸਚੁ ਸਬਦਿ ਪਛਾਨੈ ॥੧॥**

ਜਦੋਂ ਸਬਦ ਦੀ ਪਹਿਚਾਣ ਆ ਜਾਵੇ, ਸ਼ਬਦ ਦਾ ਭੇਦ ਪਤਾ ਚੱਲ ਜਾਵੇ ਫੇਰ ਜੀਵ ਦੇ ਦੁੱਖ ਦੂਰ ਹੋ ਜਾਂਦੇ ਹਨ।

**ਰਾਮੁ ਜਪਹੁ ਮੇਰੀ ਸਖੀ ਸਖੈਨੀ ॥**

ਦੋਸਤਾਂ, ਮਿੱਤਰਾਂ ਅਤੇ ਸਤਿਸੰਗੀਆਂ ਨੂੰ ਸਖੇ ਅਤੇ ਸਖੈਨ ਕਿਹਾ ਹੈ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਅਗਰ ਤੁਸੀਂ ਮੇਰੇ ਸੱਜਣ, ਮਿੱਤਰ ਅਤੇ ਦੋਸਤ ਹੋ ਫੇਰ ਰਾਮ ਦਾ ਨਾਮ ਜਪੋ।

**ਸਤਿਗੁਰੁ ਸੇਵਿ ਦੇਖਹੁ ਪ੍ਰਭੁ ਨੈਨੀ ॥੧॥ ਰਹਾਉ ॥**

ਅੱਖਾਂ ਮੀਟਿਆਂ ਗੱਲ ਨਹੀਂ ਬਣਨੀ। ਖੁੱਲੀਆਂ ਅੱਖਾਂ ਨਾਲ ਸਤਿਗੁਰ ਦੇ ਦਰਸ਼ਨ ਕਰੋ ਅਤੇ ਉਹਨਾਂ ਦੀ ਸੇਵਾ ਵਿੱਚ ਰਹੋ।

**ਬੰਧਨ ਮਾਤ ਪਿਤਾ ਸੰਸਾਰਿ ॥**

ਹਜੂਰ ਫੁਰਮਾਨ ਕਰ ਰਹੇ ਹਨ ਕਿ ਕੁਝ ਦੁਨਿਆਵੀ ਬੰਧਨ ਹਨ ਜੋ ਸਾਧੂਆਂ ਦੀ ਸੰਗਤ ਵਿੱਚ ਜਾਣ, ਗੁਰਬਾਣੀ ਦੀ ਸੰਗਤ ਕਰਨ ਅਤੇ ਭਗਤੀ ਕਰਨ ਵਿੱਚ ਅੜਿੱਕੇ ਬਣਦੇ ਹਨ। ਜੀਵ ਨੂੰ ਮਾਤਾ-ਪਿਤਾ ਦੇ ਬੰਧਨ ਪੈਂਦੇ ਹਨ। ਉਹ ਕਹਿੰਦੇ ਹਨ ਪੁੱਤਰ! ਅਸੀਂ ਤੁਹਾਨੂੰ ਜਨਮ ਦਿੱਤਾ ਹੈ, ਪੜ੍ਹਾਇਆ ਹੈ, ਪਰਵਰਸ਼ਿ ਕੀਤੀ ਹੈ, ਵੱਡਾ ਕੀਤਾ ਹੈ। ਹੁਣ ਤੂੰ ਭਗਤੀ ਵੱਲ ਤੁਰ ਪਿਆ ਏਂ। ਤੂੰ ਦੁਨਿਆਵੀ ਕੰਮ ਛੱਡ ਦਿੱਤੇ ਹਨ। ਜਿੱਥੇ ਤੂੰ ਭਗਤੀ ਕਰਦਾ ਏਂ। ਉੱਥੇ ਤੂੰ ਸਾਡੀ ਸੇਵਾ ਵਾਸਤੇ ਕਮਾਈ ਕਰਕੇ ਸਾਨੂੰ ਵੀ ਕੁਝ ਖੁਆ। ਇਹ ਵੀ ਬੰਧਨ ਹੀ ਹਨ।

**ਬੰਧਨ ਸੁਤ ਕੰਨਿਆ ਅਰੁ ਨਾਰਿ ॥੨॥**

ਅਗਰ ਕਿਸੇ ਦੇ ਲੜਕੀ ਹੋ ਜਾਂਦੀ ਹੈ ਜਾਂ ਪੁੱਤਰ ਹੋ ਜਾਂਦਾ ਹੈ ਉਹ ਵੀ ਬੰਧਨ ਪੈ ਜਾਂਦਾ ਹੈ। ਲੜਕੀ ਜੁਆਨ ਹੋਵੇ ਤਦ ਉਸ ਨੂੰ ਘਰ ਇਕੱਲੀ ਨਹੀਂ ਛੱਡਿਆ ਜਾ ਸਕਦਾ। ਹੁਣ ਸਾਡੀ ਪੋਤਰੀ ਜੁਆਨ ਹੈ। ਉਸ ਦੇ ਪੇਪਰ ਹੋਣ ਜਾਂ ਸਕੂਲ ਦਾ ਕੰਮ ਹੋਵੇ ਤਦ ਸਾਡੀ ਪਤਨੀ ਉਸ ਦਿਨ ਸਤਿਸੰਗ ਸੁਣਨ ਨਹੀਂ ਆ ਸਕਦੀ। ਉਹ ਸਾਨੂੰ ਕਹਿੰਦੀ ਹੈ ਕਿ ਸਰਦਾਰ ਜੀ! ਅੱਜ ਪੋਤਰੀ ਘਰ ਇਕੱਲੀ ਹੈ ਇਸ ਕਰਕੇ ਮੈਂ ਸਤਿਸੰਗ ਸੁਣਨ ਨਹੀਂ ਜਾ ਸਕਦੀ। ਅਗਰ ਪੁੱਤਰ ਹੋਵੇ ਤਦ ਮਾਂ ਕਹਿੰਦੀ ਹੈ ਕਿ ਇਹ ਛੋਟਾ ਬੱਚਾ ਹੈ। ਕਿਤੇ ਅੱਗ ਵਿੱਚ ਹੱਥ ਨਾ ਪਾ ਲਵੇ, ਕੋਈ ਗਲਤ ਕੰਮ ਨਾ ਕਰ ਲਵੇ। ਉਹ ਬੱਚੇ ਨੂੰ ਇਕੱਲਿਆਂ ਨਹੀਂ ਛੱਡਦੀ। ਉਹ ਸਤਿਸੰਗ ਵਿੱਚ ਪਿੱਛੇ ਬੈਠ ਜਾਂਦੀ ਹੈ। ਅਗਰ ਬੱਚਾ ਫੇਰ ਵੀ ਰੋਂਦਾ ਹੈ ਤਦ ਵੀ ਉਹ ਬੱਚੇ ਨੂੰ ਨਹੀਂ ਛੱਡਦੀ। ਸਤਿਸੰਗ, ਕੀਰਤਨ, ਪਾਠ ਸੁਣਨਾ ਛੱਡ ਕੇ ਰੋਂਦੇ ਬੱਚੇ ਨੂੰ ਲੈ ਕੇ ਬਾਹਰ ਚਲੀ ਜਾਂਦੀ ਹੈ ਪਰ ਉਹ ਆਪਣੇ ਪੁੱਤਰ ਨੂੰ ਨਹੀਂ ਛੱਡਦੀ। ਉਹ ਪੁੱਤਰ ਉਸ ਨੇ ਮੰਗ ਕੇ ਲਿਆ ਹੁੰਦਾ ਹੈ। ਪਰ ਕਿਸੇ ਵਕਤ ਉਹ ਬੱਚਾ ਭਗਤੀ ਮਾਰਗ ਵਿੱਚ ਬੰਧਨ ਬਣ ਜਾਂਦਾ ਹੈ। ਫੇਰ ਕਈ ਵਾਰ ਘਰਵਾਲੀਆਂ ਕਹਿੰਦੀਆਂ ਹਨ ਕਿ ਅਗਰ ਤੂੰ ਰੱਬ ਦਾ ਨਾਮ ਲੈਣਾ ਸੀ, ਭਗਤੀ ਕਰਨੀ ਸੀ, ਸਾਧੂਆਂ ਦੀ ਸੰਗਤ ਵਿੱਚ ਜਾਣਾ ਸੀ ਫੇਰ ਮੇਰੇ ਨਾਲ ਵਿਆਹ ਨਹੀਂ ਸੀ ਕਰਵਾਉਣਾ।

ਅਗਰ ਵਿਆਹ ਕਰਾਇਆ ਹੈ ਤਾਂ ਆਪਣੀਆਂ ਜਿੰਮੇਵਾਰੀਆਂ ਵੀ ਨਿਭਾਅ ਬੱਚੇ ਪੈਦਾ ਕੀਤੇ ਹਨ ਤਾਂ ਹੁਣ ਇਹਨਾਂ ਦੀ ਪਰਵਰਿਸ਼ ਵੀ ਕਰ।

*ਬਾਂਧਨਿ ਬਾਂਧਿਆ ਸਭੁ ਜਗੁ ਭਵੈ॥੨॥ (ਅੰਗ 728)*

ਆਪਾਂ ਸਾਰੇ ਹੀ ਬੰਧਨਾਂ ਵਿੱਚ ਬੱਝੇ ਬੈਠੇ ਹਾਂ। ਜਿਹੜੇ ਪੁੱਤਰਾਂ, ਧੀਆਂ ਨੂੰ ਅਸੀਂ ਮੰਗ ਮੰਗ ਕੇ ਲੈਂਦੇ ਹਾਂ ਕਿਸੇ ਵਕਤ ਉਹ ਭਗਤੀ ਵਿੱਚ ਬੰਧਨ ਬਣਦੇ ਹਨ। ਜਦੋਂ ਵੱਡੇ ਹੋ ਜਾਂਦੇ ਹਨ ਫੇਰ ਹਜ਼ੂਰ ਦੀ ਕਿਰਪਾ ਹੋਵੇ ਪੁੱਤਰ ਵੀ ਅਤੇ ਧੀਆਂ ਵੀ ਲਾਇਕ ਹੋਣ।

**ਬੰਧਨ ਕਰਮ ਧਰਮ ਹਉ ਕੀਆ॥**

ਫੇਰ ਕਰਮਾਂ ਅਤੇ ਧਰਮਾਂ ਦਾ ਬੰਧਨ ਹੈ। ਗੁਆਂਢੀ ਅਤੇ ਸ਼ਰੀਕ ਕਹਿੰਦੇ ਹਨ ਕਿ ਯਾਰ ਤੂੰ ਸਿੱਖ ਹੋ ਕੇ ਗੁਰਦੁਆਰਾ ਛੱਡ ਕੇ ਸਤਿਸੰਗ ਘਰ ਤੁਰਿਆ ਫਿਰਦਾ ਏਂ। ਤੂੰ ਕਾਹਦਾ ਸਿੱਖ ਏਂ? ਉਹ ਉਸ ਜੀਵ ਨੂੰ ਸਿੱਖ ਹੀ ਨਹੀਂ ਸਮਝਦੇ। ਹੁਣ ਤੁਸੀਂ ਜਿੰਨੇ ਬੈਠੇ ਹੋ ਬਹੁਤਿਆਂ ਨੇ ਅੰਮ੍ਰਿਤ ਛਕਿਆ ਹੋਇਆ ਹੈ। ਪਰ ਕਈਆਂ ਨੇ ਵਿੱਚੋਂ ਗਲ ਵਿੱਚ ਸ੍ਰੀ ਸਾਹਿਬ ਨਹੀਂ ਪਾਇਆ। ਜਿਹੜੇ ਅਸਲੀ ਕਰਮ ਧਰਮ ਵਾਲੇ ਹਨ ਉਹ ਕਹਿੰਦੇ ਹਨ ਜਿਸ ਨੇ ਗਲ ਵਿੱਚ ਸ੍ਰੀ ਸਾਹਿਬ ਨਹੀਂ ਪਾਇਆ ਉਹ ਸਿੱਖ ਹੀ ਨਹੀਂ ਹੈ। ਸੋਈ ਇਹ ਕਰਮ ਧਰਮ ਦਾ ਵੀ ਬੰਧਨ ਹੈ।

**ਬੰਧਨ ਪੁਤੁ ਕਲਤੁ ਮਨਿ ਬੀਆ॥੩॥**

ਜੇਕਰ ਪੁੱਤਰ ਲਾਇਕ ਹੋਵੇ ਉਸ ਦੀ ਵੀ ਨਿਗਰਾਨੀ ਰੱਖਣੀ ਪੈਂਦੀ ਹੈ ਅਗਰ ਨਲਾਇਕ ਹੋਵੇ ਤਦ ਵੀ ਨਿਗਰਾਨੀ ਰੱਖਣੀ ਪੈਂਦੀ ਹੈ। ਲਾਇਕ ਹੋਵੇ ਤਦ ਉਸ ਦੀ ਪੜ੍ਹਾਈ ਅਤੇ ਟਿਊਸ਼ਨਾਂ ਦੇ ਮਗਰ ਭੱਜਣਾ ਪੈਂਦਾ ਹੈ। ਨਲਾਇਕ ਹੋਵੇ ਤਦ ਵੀ ਸੋਚੀਦਾ ਹੈ ਕਿ ਇਹ ਮੇਰੇ ਨਾਮ ਨੂੰ ਜਾਂ ਸੰਸਥਾ ਨੂੰ ਬਦਨਾਮ ਕਰਦਾ ਹੈ। ਸੋਈ ਇਹ ਸਾਰੇ ਬੰਧਨ ਜੀਵ ਨੂੰ ਭਗਤੀ ਤੋਂ ਰੋਕਦੇ ਹਨ।

**ਬੰਧਨ ਕਿਰਖੀ ਕਰਹਿ ਕਿਰਸਾਨ॥**

ਹੁਣ ਜਿੰਮੀਦਾਰ ਖੇਤੀ ਕਰਦਾ ਹੈ। ਅਗਰ ਉਹ ਸਵੇਰੇ ਉੱਠ ਕੇ ਹਲ ਵਾਹੇਗਾ ਤਦ ਰੱਬ ਦਾ ਨਾਮ ਕਿਵੇਂ ਲਵੇਗਾ। ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਨ ਕੀਤਾ ਹੈ ਕਿ ਹਲ ਵਾਹੁੰਦਿਆਂ-ਵਾਹੁੰਦਿਆਂ ਸਿਮਰਨ ਕਰੋ। ਐਸਾ ਨਹੀਂ ਕਿ ਘਰ-ਬਾਹਰ ਜਾਂ ਖੇਤੀਬਾੜੀ ਛੱਡ ਕੇ ਸਿਮਰਨ ਕਰੋ। ਬਲਕਿ ਖੇਤੀਬਾੜੀ ਕਰਦਿਆਂ ਸਿਮਰਨ ਕਰੋ। ਸੋਈ ਗ੍ਰਿਹਸਤੀ ਜੀਵਨ ਨੂੰ ਨਿਭਾਉਣ ਵਾਸਤੇ ਰਿਜਕ ਪੈਦਾ ਕਰਨ ਲਈ ਕਿਰਸਾਨ ਖੇਤੀ ਕਰਦਾ ਹੈ।

**ਹਉਮੈ ਡੰਨੁ ਸਹੈ ਰਾਜਾ ਮੰਗੈ ਦਾਨ॥੪॥**

ਫੇਰ ਰਾਜੇ ਮਾਮਲਾ ਅਤੇ ਜਜ਼ੀਆ ਲੈਂਦੇ ਹਨ। ਕਿਰਸਾਨ ਨੂੰ ਜਜ਼ੀਆ ਵੀ ਦੇਣਾ ਪੈਂਦਾ ਹੈ। ਸੰਤਾਂ ਨੇ ਫੁਰਮਾਇਆ ਹੈ ਅਤੇ ਸਾਡੇ ਹਜ਼ੂਰ ਵੀ ਫੁਰਮਾਇਆ ਕਰਦੇ ਸਨ ਕਿ

*ਮੋਟੇ ਬੰਧਨ ਜਗਤ ਕੇ ਗੁਰ ਭਗਤੀ ਸੇ ਕਾਟ।*

ਜਿੰਨੇ ਵੀ ਬੰਧਨਾਂ ਦੀ ਗਿਣਤੀ ਕੀਤੀ ਗਈ ਹੈ ਇਹ ਗੁਰੂ ਦੀ ਭਗਤੀ ਕੀਤਿਆਂ ਕੱਟੇ ਜਾਂਦੇ ਹਨ।

*ਮੋਟੇ ਬੰਧਨ ਜਗਤ ਕੇ ਗੁਰ ਭਗਤੀ ਸੇ ਕਾਟ।*
*ਝੀਨੇ ਬੰਧਨ ਦੇਹ ਕੇ ਕਟੇ ਨਾਮ ਪਰਤਾਪ।*

ਦੇਹ ਦੇ ਜਿਹੜੇ ਰੋਗ ਬਿਆਨ ਕੀਤੇ ਹਨ ਇਸ ਤੋਂ ਬਿਨਾਂ ਹੋਰ ਵੀ ਸਰੀਰਕ ਜਾਂ ਮਾਨਸਿਕ ਤੌਰ ਤੇ ਸੋਚਾਂ ਹਨ ਉਹ ਵੀ ਰੋਗ ਹਨ।

*ਮੋਟੇ ਬੰਧਨ ਜਗਤ ਕੇ ਗੁਰ ਭਗਤੀ ਸੇ ਕਾਟ।*
*ਝੀਨੇ ਬੰਧਨ ਦੇਹ ਕੇ ਕਟੇ ਨਾਮ ਪਰਤਾਪ।*
*ਮੋਟੇ ਜਬ ਤਕ ਜਾਏਂ ਨਹੀਂ ਝੀਨੇ ਕੈਸੇ ਜਾਂਹਿ।*
*ਤਾ ਤੇ ਸਭ ਕੋ ਚਾਹੀਏ ਨਿਤ ਗੁਰ ਭਗਤਿ ਕਮਾਹਿ।*

ਸੋਈ ਇਹਨਾਂ ਸਾਰੇ ਬੰਧਨਾਂ ਦਾ ਇਲਾਜ ਵੀ ਗੁਰੂ ਦੀ ਭਗਤੀ ਹੀ ਹੈ। ਸਾਡੇ ਹਜ਼ੂਰ ਦੇ ਦਰਬਾਰ ਵਿੱਚ 'ਸੰਤ ਹੋਕਾ' ਰਸਾਲਾ ਛਪਦਾ ਸੀ। ਉਸ ਵਿੱਚ ਵੀ ਇਹ ਬਚਨ ਦਰਜ ਹਨ ਕਿ ਇਹ ਸਾਰੇ ਬੰਧਨ ਭਗਤੀ ਦੁਆਰਾ ਹੀ ਕੱਟੇ ਜਾਂਦੇ ਹਨ। ਜਦੋਂ ਤੱਕ ਜੀਵ ਗੁਰ ਭਗਤੀ ਨਹੀਂ ਕਰਦਾ ਓਨੀ ਦੇਰ ਇਹਨਾਂ ਬੰਧਨਾਂ ਤੋਂ ਬਚ ਨਹੀਂ ਸਕਦਾ।

**ਬੰਧਨ ਸਉਦਾ ਅਣਵੀਚਾਰੀ॥**

ਅਗਰ ਕੋਈ ਸੌਦਾ ਕਰਦਾ ਹੈ ਤਦ ਵਕੀਲਾਂ ਨੂੰ, ਸਿਆਣਿਆਂ ਨੂੰ, ਦੋਸਤਾਂ ਮਿੱਤਰਾਂ ਨੂੰ ਪੁੱਛਦਾ ਹੈ ਕਿ ਵੀਚਾਰ ਕਰਕੇ ਇਹ ਸੌਦਾ ਕਰ ਲਈਏ। ਕਈ ਵਾਰ ਜਿਸ ਕੋਲੋਂ ਅਸੀਂ ਸਲਾਹ ਲੈਣ ਜਾਂਦੇ ਹਾਂ ਉਹ ਸੋਚਦਾ ਹੈ ਕਿ ਇਸ ਨੂੰ ਨਾਂਹ ਕਰਕੇ ਆਪ ਲੈ ਲਈਏ। ਉਹ ਉਲਟੇ ਗੇੜੇ ਪਾ ਦਿੰਦਾ ਹੈ। ਸੋਈ ਸੌਦਾ ਕਰਨ ਲੱਗਿਆਂ ਵੀ ਬੰਦਾ ਫਸ ਜਾਂਦਾ ਹੈ। ਅਸੀਂ ਧੋਖਾ ਉੱਥੇ ਖਾਂਦੇ ਹਾਂ ਜਿੱਥੇ ਵਿਸ਼ਵਾਸ ਕਰਦੇ ਹਾਂ। ਅਸੀਂ ਸਾਰੀ ਸੰਗਤ ਨੂੰ ਬੇਨਤੀ ਕਰਦੇ ਹਾਂ ਕਿ ਚਾਹੇ ਸਕਾ ਭਰਾ ਹੋਵੇ, ਪਿਉ ਹੋਵੇ, ਪੁੱਤਰ ਹੋਵੇ, ਧੀ ਹੋਵੇ, ਮਾਂ ਹੋਵੇ, ਅਗਰ ਤੁਸੀਂ ਸੌਦਾ ਕਰਨਾ ਹੈ ਤਾਂ ਲਿਖਤ ਪੜ੍ਹਤ ਵਿੱਚ ਕਰਨਾ ਹੈ। ਜ਼ਬਾਨੀ ਕਲਾਮੀ ਨਹੀਂ ਕਰਨਾ। ਅਗਰ ਤੁਸੀਂ ਕਿਸੇ ਦੇ ਹੱਥ ਵਿੱਚ ਆਪਣੀ ਦਾਹੜੀ ਫੜਾ ਕੇ ਕਹੋਗੇ ਕਿ ਹੌਲੀ ਪੁੱਟ। ਫੇਰ ਉਸ ਦੀ ਮਰਜੀ ਹੈ ਉਹ ਚਾਹੇ ਹੌਲੀ ਪੁੱਟ ਲਵੇ ਜਾਂ ਜੋਰ ਦੀ ਪੁੱਟ ਲਵੇ। ਇਸ ਤਰ੍ਹਾਂ ਬਹੁਤ ਸਾਰੇ ਬੰਧਨ ਹਨ।

**ਤ੍ਰਿਪਤਿ ਨਾਹੀ ਮਾਇਆ ਮੋਹ ਪਸਾਰੀ॥੫॥**

ਫੇਰ ਜੀਵ ਨੂੰ ਚਾਹੇ ਕਿੰਨਾ ਵੀ ਧਨ ਦੌਲਤ ਮਿਲ ਜਾਵੇ ਉਹ ਤ੍ਰਿਪਤ ਨਹੀਂ ਹੁੰਦਾ। ਇੱਕ ਕੋਠੀ ਵਾਲਾ ਦੋ ਕੋਠੀਆਂ, ਦੋ ਕੋਠੀਆਂ ਵਾਲਾ ਚਾਰ ਕੋਠੀਆਂ ਚਾਹੁੰਦਾ ਹੈ। ਇੱਕ ਘਰ ਵਾਲਾ

ਦੋ ਘਰ, ਗੱਡੀਆਂ ਅਤੇ ਹੋਰ ਚੀਜਾਂ ਚਾਹੁੰਦਾ ਹੈ। ਜੀਵ ਤ੍ਰਿਪਤ ਨਹੀਂ ਹੁੰਦਾ।

*ਬਿਨਾ ਸੰਤੋਖ ਨਹੀ ਕੋਊ ਰਾਜੈ॥ (ਅੰਗ 279)*

**ਬੰਧਨ ਸਾਹ ਸੰਚਹਿ ਧਨੁ ਜਾਇ॥**

ਸ਼ਾਹੂਕਾਰ ਸਾਰੀ ਰਾਤ ਗਿਣਦਾ ਰਹਿੰਦਾ ਹੈ ਕਿ ਹੋਰ ਕਿੰਨੇ ਪੈਸੇ ਇੱਕਠੇ ਕਰ ਲਵੇ। ਕੋਈ ਮਰਾਸੀ ਸੀ ਉਸ ਨੇ ਹੱਸਦੇ, ਨੱਚਦੇ, ਟੱਪਦੇ, ਖੇਡਦੇ ਰਹਿਣਾ। ਉਸ ਦਾ ਗੁਆਂਢੀ ਸ਼ਾਹੂਕਾਰ ਪੈਸੇ ਵਾਲਾ ਹੋ ਕੇ ਵੀ ਗਿਣਤੀ ਮਿਣਤੀ ਕਰਦਾ ਰਹਿੰਦਾ ਸੀ। ਸੋਚਦਾ ਰਹਿੰਦਾ ਸੀ, ਦੀਵੇ ਜਗਾ-ਜਗਾ ਕੇ ਰਾਤ ਹਿਸਾਬ ਕਰਨਾ ਕਿ ਕਿੰਨੇ ਪੈਸੇ ਆਏ ਕਿੰਨੇ ਗਏ। ਇੱਕ ਦਿਨ ਉਹ ਮੁਨੀਮ ਨੂੰ ਪੁੱਛਣ ਲੱਗਾ ਕਿ ਸਾਡੇ ਕੋਲ ਐਨੇ ਪੈਸੇ ਹਨ ਪਰ ਅਸੀਂ ਕਦੇ ਹੱਸੇ, ਖੇਡੇ ਨਹੀਂ, ਕਦੇ ਖੁਸ਼ ਨਹੀਂ ਹੋਏ। ਇਸ ਮਰਾਸੀ ਕੋਲ ਕੁਝ ਵੀ ਨਹੀਂ ਹੈ, ਰੋਜ ਹੱਸਦਾ ਖੇਡਦਾ ਅਤੇ ਮੌਜਾਂ ਮਾਣਦਾ ਹੈ। ਮੁਨੀਮ ਕਹਿਣ ਲੱਗਾ ਇਹ ਅਜੇ ਮਾਇਆ ਦੇ ਚੱਕਰ ਵਿੱਚ ਨਹੀਂ ਫਸਿਆ ਤਦੇ ਹੱਸਦਾ ਖੇਡਦਾ ਹੈ। ਤੁਸੀਂ ਇਸ ਨੂੰ ਕੁਝ ਪੈਸੇ ਦੇ ਦਿਉ। ਫੇਰ ਦੇਖੋ ਕਿੰਨਾ ਕੁ ਖੁਸ਼ ਹੁੰਦਾ ਹੈ। ਸ਼ਾਹੂਕਾਰ ਨੇ ਮਰਾਸੀ ਨੂੰ ਪੰਜ ਸੌ ਰੁਪਏ ਦੇ ਦਿੱਤੇ ਅਤੇ ਕਿਹਾ ਅਸੀਂ ਤੈਨੂੰ ਪੱਕੇ ਦਿੱਤੇ ਹਨ ਤੇਰੇ ਕੋਲੋਂ ਵਾਪਸ ਨਹੀਂ ਲੈਣੇ। ਜਦੋਂ ਮਰਾਸੀ ਕੋਲ ਪੰਜ ਸੌ ਰੁਪਿਆ ਆ ਗਿਆ ਉਸ ਨੇ ਹਰ ਰੋਜ਼ ਮੰਗਣ ਜਾਣਾ ਅਤੇ ਸੋਚਣਾ ਕਿ ਪੰਜ ਸੌ ਇੱਕ ਹੋ ਜਾਣ। ਉਸ ਨੇ ਰੋਜਾਨਾ ਪੈਸੇ ਮੰਗ ਕੇ ਲਿਆ ਕੇ ਉਸ ਪੰਜ ਸੌ ਦੇ ਨਾਲ ਰੱਖ ਲੈਣੇ। ਉਹ ਵੀ ਸਭ ਖਾਣਾ-ਪੀਣਾ, ਹੱਸਣਾ-ਖੇਡਣਾ ਭੁੱਲ ਗਿਆ। ਪੈਸੇ ਇੱਕਠੇ ਕਰਦਿਆਂ ਕਰਦਿਆਂ ਉਸ ਕੋਲ ਛੇ-ਸੱਤ ਸੌ ਜਾਂ ਇਸ ਤੋਂ ਵੀ ਵੱਧ ਪੈਸਾ ਹੋ ਗਿਆ ਪਰ ਹੱਸਣਾ ਖੇਡਣਾ ਜਾਂਦਾ ਰਿਹਾ। ਉਸ ਨੇ ਘਰਵਾਲੀ ਨੂੰ ਕਹਿਣਾ ਮੈਂ ਐਥੇ ਚਾਰ ਆਨੇ ਰੱਖੇ ਸੀ ਉਹ ਕਿਤੇ ਖਰਚ ਤਾਂ ਨਹੀਂ ਲਏ? ਘਰਵਾਲੀ ਨੇ ਕਹਿਣਾ ਕਿ ਖਰਚਣ ਲਈ ਕਮਾਏ ਸਨ ਅਗਰ ਖਰਚ ਲਏ ਫੇਰ ਕੀ ਹੋ ਗਿਆ। ਪਰ ਉਸ ਨੇ ਕਹਿਣਾ ਕਿ ਚਾਰ ਆਨੇ ਲਿਆ ਇੱਕ ਰੁਪਿਆ ਪੂਰਾ ਕਰਨਾ ਹੈ। ਇੱਕ ਦਿਨ ਮਰਾਸੀ ਮਰਾਸਣ ਨੂੰ ਕਹਿਣ ਲੱਗਾ ਮੀਰ ਜਾਦੀਏ। ਸਾਡੇ ਘਰੋਂ ਹੱਸਣਾ ਖੇਡਣਾ ਕੌਣ ਲੈ ਗਿਆ ਹੈ? ਉਹ ਸੋਚਣ ਲੱਗੇ ਹੋਰ ਤਾਂ ਸਾਡੇ ਘਰ ਕੋਈ ਨਹੀਂ ਆਇਆ। ਆਹ ਸ਼ਾਹੂਕਾਰ ਦਾ ਪੈਸਾ ਹੀ ਆਇਆ ਹੈ। ਮਰਾਸੀ ਨੇ ਸ਼ਾਹੂਕਾਰ ਵਾਲੇ ਪੰਜ ਸੌ ਰੁਪੈ ਅਤੇ ਜਿਹੜੇ ਉਸਨੇ ਖੁਦ ਪੈਸੇ ਜੋੜੇ ਸਨ ਉਹ ਵੀ ਨਾਲ ਹੀ ਲੈ ਲਏ ਅਤੇ ਸ਼ਾਹੂਕਾਰ ਕੋਲ ਜਾ ਕੇ ਮੱਥਾ ਟੇਕ ਕੇ ਕਿਹਾ ਓ ਭਾਈਆ! ਤੂੰ ਪੰਜ ਸੌ ਦਿੱਤਾ ਸੀ। ਤੂੰ ਸਾਡੇ ਕੋਲ ਦੋ ਸੌ ਰੁਪਈਆ ਨਾਲ ਲੈ ਲੈ ਪਰ ਸਾਡਾ ਹੱਸਣਾ ਖੇਡਣਾ ਵਾਪਿਸ ਮੋੜ ਦੇ। ਪੈਸੇ ਦੇ ਕੇ ਮਰਾਸੀ ਕਹਿਣ ਲੱਗਾ ਅੱਜ ਤੋਂ ਬਾਅਦ ਸਾਨੂੰ ਕੋਈ ਫਿਕਰ ਨਹੀਂ ਹੈ। ਸੋਈ ਪੈਸੇ ਵਾਲਾ ਬੰਦਾ ਅਗਰ ਸਿਰਹਾਣੇ ਹੇਠ ਪੈਸੇ ਪਏ ਹੋਣ ਤਦ ਅੱਬੜਵਾਹੇ ਉੱਠਦਾ ਹੈ ਚਾਹੇ ਬਿੱਲੀ ਹੀ ਅੰਦਰ ਆਵੇ। ਉਹ ਸੋਚਦਾ ਹੈ ਕਿ ਸ਼ਾਇਦ ਕੋਈ ਮੇਰੇ ਪੈਸੇ ਚੁੱਕਣ ਆ ਗਿਆ ਹੈ। ਉਹ ਰਾਤ ਨੂੰ ਸੌਂਦਾ ਵੀ ਨਹੀਂ ਹੈ। ਉਸ ਦੀ ਨੀਂਦ ਖਤਮ ਹੋ ਜਾਂਦੀ ਹੈ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜੀਵ ਬੰਧਨਾਂ ਵਿੱਚ ਫਸਿਆ ਹੀ ਪੈਸੇ ਇੱਕਠੇ ਕਰੀ ਜਾਂਦਾ ਹੈ।

**ਬਿਨੁ ਹਰਿ ਭਗਤਿ ਨ ਪਵਈ ਥਾਇ॥੬॥**

ਭਗਤੀ ਤੋਂ ਬਿਨਾਂ ਕਿਸੇ ਵੀ ਚੀਜ ਦੀ ਪ੍ਰਾਪਤੀ ਨਹੀਂ ਹੁੰਦੀ। ਸਿਮਰਨ ਕਰਨ ਵਾਲਿਆਂ ਨੂੰ ਕੋਈ ਫਿਕਰ ਨਹੀਂ ਹੁੰਦਾ। ਉਹਨਾਂ ਨੂੰ ਪਤਾ ਹੈ ਕਿ ਸਿਮਰਨ ਭਗਤੀ ਕੋਈ ਖੋਹ ਨਹੀਂ ਸਕਦਾ।

**ਬੰਧਨ ਬੇਦੁ ਬਾਦੁ ਅਹੰਕਾਰ॥**

ਅਗਰ ਕੋਈ ਬਹੁਤਾ ਪੜ੍ਹ ਲਿਖ ਜਾਂਦਾ ਹੈ ਜਾਂ ਵੇਦਾਂ ਸ਼ਾਸਤਰਾਂ ਦਾ ਗਿਆਤਾ ਬਣ ਜਾਂਦਾ ਹੈ ਤਾਂ ਉਸ ਨੂੰ ਹੰਕਾਰ ਆ ਘੇਰਦਾ ਹੈ। ਉਹ ਵੀ ਬੱਝ ਗਿਆ ਕਿ ਮੈਂ ਬਹੁਤ ਵੱਡਾ ਲਿਖਾਰੀ, ਪੜ੍ਹਾਕੂ ਹਾਂ। ਮੈਂ ਕਿਤਾਬਾਂ ਪੜ੍ਹੀਆਂ ਹਨ। ਮੈਂ ਧਾਰਮਿਕ ਗ੍ਰੰਥਾਂ ਦਾ ਅਧਿਐਨ ਕੀਤਾ ਹੈ। ਉਹ ਵੀ ਹੰਕਾਰੀ ਹੋ ਜਾਂਦਾ ਹੈ।

**ਬੰਧਨ ਬਿਨਸੈ ਮੋਹ ਵਿਕਾਰ॥੭॥**

ਬੰਧਨਾਂ ਵਿੱਚ ਪੈ ਕੇ ਹੀ ਜੀਵ ਵਿਕਾਰਾਂ ਵਿੱਚ ਫਸ ਜਾਂਦਾ ਹੈ ਕਿ ਮੈਨੂੰ ਹੁਣ ਕੌਣ ਪੁੱਛ ਸਕਦਾ ਹੈ। ਮੇਰੇ ਕੋਲ ਐਨਾ ਪੈਸਾ ਹੈ। ਮੇਰੇ ਕੋਲ ਐਨੀ ਤਾਕਤ ਹੈ।

**ਨਾਨਕ ਰਾਮ ਨਾਮ ਸਰਣਾਈ॥**

**ਸਤਿਗੁਰਿ ਰਾਖੇ ਬੰਧੁ ਨ ਪਾਈ॥੮॥੧੦॥**

ਹਜ਼ੂਰ ਨਿਰਨਾ ਕਰ ਰਹੇ ਹਨ ਕਿ ਜੋ ਜੀਵ ਰਾਮ ਦੀ ਸ਼ਰਨ ਵਿੱਚ ਆ ਜਾਂਦਾ ਹੈ ਸਤਿਗੁਰ ਉਸ ਦੀ ਰੱਖਿਆ ਕਰਦੇ ਹਨ ਅਤੇ ਉਸ ਨੂੰ ਕੋਈ ਬੰਧਨ ਨਹੀਂ ਪੈ ਸਕਦਾ। ਸੋਈ ਜੋ ਅਸੀਂ ਆਪਣੇ ਹਜ਼ੂਰ ਦੇ ਬਚਨ ਪਹਿਲਾਂ ਦੱਸੇ ਹਨ ਕਿ

*ਮੋਟੇ ਬੰਧਨ ਜਗਤ ਕੇ ਗੁਰ ਭਗਤੀ ਸੇ ਕਾਟ।*
*ਝੀਨੇ ਬੰਧਨ ਦੇਹ ਕੇ ਕਟੇ ਨਾਮ ਪਰਤਾਪ।*
*ਝੀਨੇ ਜਬ ਤਕ ਜਾਏਂ ਨਾਹੀ ਮੋਟੇ ਕੈਸੇ ਜਾਂਹਿ।*
*ਤਾ ਤੇ ਸਭ ਕੋ ਚਾਹੀਏ ਨਿਤ ਗੁਰ ਭਗਤ ਕਮਾਂਹਿ।*

ਜਿਸ ਦੀ ਸਤਿਗੁਰ ਰੱਖਿਆ ਕਰਨ ਉਸ ਨੂੰ ਕੋਈ ਬੰਧਨ ਨਹੀਂ ਪੈ ਸਕਦਾ। ਉਹ ਮੁਕਤ ਹੀ ਮੁਕਤ ਹੈ। ਸੋਈ ਨਾਮ ਅਤੇ ਸਿਮਰਨ ਤੋਂ ਬਗੈਰ ਕੋਈ ਜੀਵ ਇਹਨਾਂ ਬੰਧਨਾਂ ਤੋਂ ਨਹੀਂ ਬਚ ਸਕਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ ਕਿ

*ਬੰਧਨਿ ਬਾਂਧਿਆ ਸਭੁ ਜਗੁ ਭਵੈ॥੨॥ (ਅੰਗ 728)*

ਅਸੀਂ ਸਾਰੇ ਜੀਵ ਬੰਧਨਾਂ ਵਿੱਚ ਬੱਝੇ ਹੀ ਭੱਜੇ ਫਿਰਦੇ ਹਾਂ। ਸਿਰਫ ਗੁਰਬਾਣੀ ਦਾ ਸਿਮਰਨ ਹੀ ਜੀਵ ਨੂੰ ਬੰਧਨਾਂ ਤੋਂ ਮੁਕਤੀ ਦਿਲਵਾ ਸਕਦਾ ਹੈ।

# ਸਤਿਸੰਗ ਸੰਗ੍ਰਾਂਦ ਮਹੀਨਾ ਚੇਤ

**ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ (ਅੰਗ 1107)**

**ਚੇਤ ਬਸੰਤੁ ਭਲਾ ਭਵਰ ਸੁਹਾਵੜੇ॥**

ਸਾਰੀ ਆਈ ਸੰਗਤ ਨੂੰ ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਯੰਤਰੀ (ਕੈਲੰਡਰ) ਅਨੁਸਾਰ 543ਵੇਂ ਨਵੇਂ ਸਾਲ ਦੀ ਲੱਖ-ਲੱਖ ਵਧਾਈ ਹੋਵੇ। ਚੇਤ ਦਾ ਮਹੀਨਾ 14-3-2011 ਸੋਮਵਾਰ ਦਾ ਦਿਨ ਵੀ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁੱਖ ਸ਼ਾਂਤੀ, ਖੇੜੇ, ਇਤਿਫਾਕ, ਚੜ੍ਹਦੀ ਕਲਾ, ਨਾਮ ਦੀ ਦਾਤ ਬਖਸ਼ ਕੇ, ਦੁੱਖਾਂ ਕਲੇਸ਼ਾਂ ਦਾ ਨਾਸ਼ ਕਰਕੇ ਖੁਸ਼ੀਆਂ ਖੇੜੇ ਬਖਸ਼ਣ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥*
*(ਅੰਗ 1395)*

ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਚੇਤ ਦੇ ਮਹੀਨੇ ਵਿੱਚ ਬਸੰਤ ਦੀ ਰੁੱਤ ਆਉਂਦੀ ਹੈ।

*ਆਈ ਬਸੰਤ ਪਾਲਾ ਉਡੰਤ।*

ਇਕ ਤਾਂ ਜੀਵਾਂ ਨੂੰ ਸਰਦੀ ਤੋਂ ਰਾਹਤ ਮਿਲਦੀ ਹੈ। ਦੂਸਰਾ ਇਸ ਮੌਸਮ ਵਿੱਚ ਜਿੰਮੀਦਾਰ ਦੀਆਂ ਫਸਲਾਂ ਵੀ ਪੱਕਣੀਆਂ ਸ਼ੁਰੂ ਹੋ ਜਾਂਦੀਆਂ ਹਨ। ਬਸੰਤ ਦੇ ਮੌਸਮ ਵਿੱਚ ਫੁੱਲ ਖਿੜਦੇ ਹਨ। ਸਰੋਂ ਅਤੇ ਤੋਰੀਏ ਦੇ ਵੀ ਫੁੱਲ ਖਿੜਦੇ ਹਨ। ਫੁੱਲਾਂ ਦੀ ਗੁਲਜਾਰ ਵਿੱਚ ਵੀ ਖੇੜਾ ਆਉਂਦਾ ਹੈ ਅਤੇ ਭੌਰੇ ਗੁਣਗੁਣਾਉਂਦੇ ਹੋਏ ਖੁਸ਼ੀਆਂ ਮਾਣਦੇ ਹਨ ਕਿ ਮਾਲਿਕ ਨੇ ਕਿਰਪਾ ਕੀਤੀ ਹੈ, ਅੱਛੀ ਰੁੱਤ ਆਈ ਹੈ। ਸਰਦੀ ਖਤਮ ਹੋਈ ਹੈ, ਫੁੱਲ ਖਿੜੇ ਹਨ, ਖੁਸ਼ਬੂ ਆ ਰਹੀ ਹੈ। ਇਸ ਰੁੱਤ ਵਿੱਚ ਚੁਰਾਸੀ ਲੱਖ ਜੂਨੀਆਂ ਖੁਸ਼ੀਆਂ ਮਨਾਉਂਦੀਆਂ ਹਨ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਭੌਰੇ ਫੁੱਲਾਂ ਉੱਪਰ ਗੁਣਗੁਣਾਉਂਦੇ ਬਹੁਤ ਅੱਛੇ ਲੱਗਦੇ ਹਨ। ਇਸ ਲਈ ਇਹ ਮਹੀਨਾ ਖੇੜੇ ਵਾਲਾ ਹੈ। ਜੋ ਪ੍ਰਾਣੀ ਇਸ ਮਹੀਨੇ ਵਿੱਚ ਸਿਮਰਨ ਕਰਦੇ ਹਨ ਉਹਨਾਂ ਦੇ ਅੰਦਰ ਖੁਸ਼ਬੂ ਪੈਦਾ ਹੁੰਦੀ ਹੈ, ਮਿਠਾਸ ਅਤੇ ਖੁਸ਼ੀ ਪੈਦਾ ਹੁੰਦੀ ਹੈ। ਹੁਣ ਤੁਸੀਂ ਇਥੇ ਵੀ ਦੇਖ ਸਕਦੇ ਹੋ ਕਿ ਆਸੇ ਪਾਸੇ ਖਿੜੇ ਹੋਏ ਫੁੱਲ ਕਿੰਨੇ ਸੋਹਣੇ ਲੱਗਦੇ ਹਨ। ਭਾਈ ਵੀਰ ਸਿੰਘ ਨੇ ਆਪਣੀ ਕਵਿਤਾ ਵਿੱਚ ਫੁੱਲਾਂ ਬਾਰੇ ਲਿਖਿਆ ਹੈ ਕਿ

*ਡਾਲੀ ਨਾਲੋਂ ਤੋੜ ਨਾ ਸਾਨੂੰ,*
*ਅਸਾਂ ਹੱਟ ਮਹਿਕ ਦੀ ਲਾਈ।*
*ਲੱਖ ਗਾਹਕ ਜੇ ਸੁੰਘੇ ਆ ਕੇ,*
*ਖਾਲੀ ਇੱਕ ਨਾ ਜਾਈ।*
*ਤੂੰ ਜੇ ਇੱਕ ਤੋੜ ਕੇ ਲੈ ਗਿਓਂ,*
*ਇਕ ਜੋਗਾ ਰਹਿ ਜਾਸਾਂ।*
*ਉਹ ਵੀ ਪਲਕ ਝਲਕ ਦਾ ਮੇਲਾ,*
*ਰੂਪ ਮਹਿਕ ਨੱਸ ਜਾਈ।*

ਫੁੱਲ ਕਹਿੰਦਾ ਹੈ ਕਿ ਅਗਰ ਤੂੰ ਮੈਨੂੰ ਦੇਖਣ ਲਈ ਆਇਆ ਏਂ ਤਦ ਤੂੰ ਮੈਨੂੰ ਦੇਖ। ਅਸੀਂ ਮਹਿਕ ਦੀ ਦੁਕਾਨ ਲਾਈ ਹੋਈ ਹੈ। ਸਾਡੇ ਕੋਲੋਂ ਕੋਈ ਵੀ ਖਾਲੀ ਨਹੀਂ ਜਾਂਦਾ। ਪਰ ਤੂੰ ਸਾਨੂੰ ਤੋੜੀਂ ਨਾ। ਅਗਰ ਤੂੰ ਸਾਨੂੰ ਤੋੜ ਕੇ ਲੈ ਗਿਆ ਤਦ ਖੁਸ਼ਬੂ ਤੇਰੇ ਇਕੱਲੇ ਜੋਗੀ ਰਹਿ ਜਾਵੇਗੀ ਪਰ ਉਹ ਵੀ ਕੁਝ ਮਿੰਟਾਂ ਜਾਂ ਘੰਟਿਆਂ ਲਈ ਹੀ ਰਹੇਗੀ। ਕਿਉਂਕਿ ਉਸ ਤੋਂ ਬਾਅਦ ਮੇਰੇ ਅੰਗ ਮੁੜ ਕੇ ਮੈਂ ਬੇਕਾਰ ਹੋ ਜਾਣਾ ਹੈ ਅਤੇ ਤੇਰੇ ਵੀ ਕਿਸੇ ਕੰਮ ਨਹੀਂ ਆਉਣਾ। ਅਗਰ ਕੁਦਰਤ ਨੇ ਕਿਸੇ ਲੜਕੀ, ਲੜਕੇ ਜਾਂ ਹੋਰ ਕਿਸੇ ਚੀਜ ਨੂੰ ਸੁੰਦਰ ਬਣਾਇਆ ਤਦ ਸਾਨੂੰ ਉਸ ਦੀ ਸਿਫਤ ਕਰਨੀ ਚਾਹੀਦੀ ਹੈ ਕਿ ਹਜ਼ੂਰ ਨੇ ਬੜੀ ਕਿਰਪਾ ਕੀਤੀ। ਕਦੇ ਵੀ ਫੁੱਲਾਂ ਦੇ ਵਿੱਚ ਜਾ ਕੇ ਉਹਨਾਂ ਨੂੰ ਤੋੜਨਾ ਨਹੀਂ ਚਾਹੀਦਾ। ਵਿਦੇਸ਼ਾਂ ਵਿੱਚ ਵੀ ਅਸੀਂ ਬਹੁਤ ਸਾਰੇ ਬਾਗਾਂ ਵਿੱਚ ਜਾ ਕੇ ਦੇਖਿਆ ਹੈ ਉੱਥੇ ਲਿਖਿਆ ਹੁੰਦਾ ਹੈ Plucking Prohibited । ਇਸ ਮਹੀਨੇ ਵਿੱਚ ਕਾਦਰ ਨੇ ਜੋ ਕੁਦਰਤ ਬਣਾਈ ਹੈ ਉਸ ਦਾ ਅਨੰਦ, ਖੁਸ਼ੀ, ਫਾਇਦਾ ਲੈਣਾ ਚਾਹੀਦਾ ਹੈ। ਉਸ ਨੂੰ ਖਰਾਬ ਨਹੀਂ ਕਰਨਾ ਚਾਹੀਦਾ। ਅਗਰ ਅਸੀਂ ਇਸ ਮਹੀਨੇ ਵਿੱਚ ਸਿਮਰਨ ਕਰਾਂਗੇ ਤਾਂ ਸਾਡੀ ਆਤਮਾ ਵੀ ਅੰਦਰੋਂ ਖਿੜੇਗੀ ਅਤੇ ਖੁਸ਼ੀਆਂ ਮਾਣੇਗੀ।

**ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ॥**

ਫੁੱਲ ਖਿੜੇ ਹੋਣ, ਬਾਗ ਬਗੀਚਾ ਹੋਵੇ, ਖੁਸ਼ਬੂ ਆ ਰਹੀ ਹੋਵੇ ਪਰ ਜੋ ਸੱਚੀ ਸੁਰਤ (ਇਸਤਰੀ) ਹੈ ਅਗਰ ਉਸ ਦਾ ਪਤੀ ਕੋਲ ਨਹੀਂ ਹੈ ਤਦ ਉਸ ਨੂੰ ਬਾਗ, ਬਗੀਚਾ, ਸੁੰਦਰਤਾ, ਫੁੱਲ,

ਮਹਿਕ ਅੱਛੇ ਨਹੀਂ ਲੱਗਦੇ। ਅੱਛੀ ਪਤਨੀ ਉਹੋ ਹੀ ਹੈ ਜੋ ਫੁੱਲਾਂ, ਬਾਗ ਬਗੀਚੇ ਵਿੱਚ ਬੈਠ ਕੇ ਆਪਣੇ ਪਤੀ ਲਈ ਪੁਕਾਰ ਕਰਦੀ ਹੈ। ਇਸੇ ਤਰ੍ਹਾਂ ਗੁਰਸਿੱਖਾਂ ਨੂੰ ਚਾਹੇ ਸਾਰੀਆਂ ਖੁਸ਼ੀਆਂ ਮਿਲੀਆਂ ਹੋਣ ਫੇਰ ਵੀ ਉਹਨਾਂ ਨੂੰ ਸਤਿਗੁਰ ਦੇ ਮਿਲਾਪ ਲਈ ਫਰਿਆਦ ਜਰੂਰ ਕਰਨੀ ਚਾਹੀਦੀ ਹੈ।

**ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ**

**ਬਿਰਹਿ ਬਿਰੋਧ ਤਨੁ ਛੀਜੈ॥**

ਧਨ ਇਸਤਰੀ ਨੂੰ ਕਹਿੰਦੇ ਹਨ। ਜਿਸ ਇਸਤਰੀ ਦਾ ਪਤੀ ਘਰ ਨਹੀਂ ਆਉਂਦਾ।

*ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ*

*ਭਠਿ ਨਗਰ ਸੇ ਗ੍ਰਾਮ॥*

*ਸ੍ਰਬ ਸੀਗਾਰ ਤੰਬੋਲ ਰਸ*

*ਸਣੁ ਦੇਹੀ ਸਭ ਖਾਮ॥*

*ਪ੍ਰਭ ਸੁਆਮੀ ਕੰਤ ਵਿਹੂਣੀਆ*

*ਮੀਤ ਸਜਣ ਸਭ ਜਾਮ॥ (ਅੰਗ 133)*

ਉਹਨਾਂ ਲੜਕੀਆਂ ਨੂੰ ਬਾਗ, ਬਗੀਚੇ, ਸੇਜਾਂ, ਮਹਿਲ ਮਾੜੀਆਂ ਚੰਗੇ ਨਹੀਂ ਲੱਗਦੇ ਜਿਨ੍ਹਾਂ ਦੇ ਪਤੀ ਉਹਨਾਂ ਦੇ ਕੋਲ ਨਹੀਂ ਹੁੰਦੇ। ਗੁਰਸਿਖਾਂ ਨੂੰ ਵੀ ਮਾਲਿਕ ਦੇ ਮਿਲਾਪ ਤੋਂ ਬਿਨਾਂ ਸਾਰੀਆਂ ਚੀਜਾਂ ਫਿੱਕੀਆਂ ਨਜ਼ਰ ਆਉਂਦੀਆਂ ਹਨ।

**ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਕੋਇਲ ਬਹੁਤ ਸੋਹਣੀਆਂ ਬੋਲੀਆਂ ਬੋਲਦੀ ਹੈ ਪਰ ਵੈਰਾਗ ਵਾਲੀ ਬੋਲੀ ਬੋਲਦੀ ਹੈ। ਵਿਛੋੜੇ ਦੀ ਤਰਜ ਤੇ ਬੋਲਦੀ ਹੈ। ਕਿਸੇ ਨੇ ਉਸ ਨੂੰ ਪੁੱਛਿਆ ਕਿ

*ਕਾਲੀ ਕੋਇਲ ਤੂ ਕਿਤ ਗੁਨ ਕਾਲੀ॥ (ਅੰਗ 794)*

ਤੂੰ ਐਨੀ ਸੋਹਣੀ ਬੋਲੀ ਬੋਲਦੀ ਏਂ ਫੇਰ ਤੇਰਾ ਰੰਗ ਐਨਾ ਕਾਲਾ ਕਿਉਂ ਹੈ? ਤਦ ਕੋਇਲ ਨੇ ਉੱਤਰ ਦਿੱਤਾ ਕਿ

*ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ॥ (ਅੰਗ 794)*

ਮੈਂ ਆਪਣੇ ਪਤੀ ਦੇ ਵਿਛੋੜੇ ਵਿੱਚ ਰੋ-ਰੋ ਕੇ ਰੰਗ ਕਾਲਾ ਕਰ ਲਿਆ ਹੈ। ਹਜ਼ੂਰ ਨੇ ਅਲੱਗ ਅਲੱਗ ਮਿਸਾਲਾਂ ਦੇ ਕੇ ਜੀਵ ਨੂੰ ਸਮਝਾਇਆ ਹੈ ਕਿ ਜਿਸ ਤਰ੍ਹਾਂ ਕੋਇਲ ਆਪਣੇ ਮਾਲਿਕ ਦੇ ਮਿਲਾਪ ਲਈ ਪੁਕਾਰ ਕਰਦੀ ਹੈ ਇਸ ਤਰ੍ਹਾਂ ਸਾਨੂੰ ਵੀ ਆਪਣੇ ਮਾਲਿਕ ਦੇ ਮਿਲਾਪ ਲਈ ਬੇਨਤੀਆਂ ਕਰਨੀਆਂ ਚਾਹੀਦੀਆਂ ਹਨ।

**ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਭੰਵਰਾ ਫੁੱਲਾਂ ਤੇ ਗੂੰਜਦਾ ਹੈ ਪਰ ਫੇਰ ਵੀ ਉਹ ਪੁਕਾਰ ਕਰਦਾ ਹੈ ਕਿ ਮੇਰੇ ਮਾਲਿਕ ਮੈਨੂੰ ਜਰੂਰ ਮਿਲਣ। ਉਹ ਮੇਰੇ ਉੱਪਰ ਰਹਿਮਤ ਕਰਕੇ ਮੈਨੂੰ ਆਪਣਾ ਮਿਲਾਪ ਬਖਸ਼ਣ।

**ਨਾਨਕ ਚੇਤਿ ਸਹਜਿ ਸੁਖੁ ਪਾਵੈ**

**ਜੇ ਹਰਿ ਵਰੁ ਘਰਿ ਧਨ ਪਾਏ॥੫॥**

ਅਗਰ ਲੜਕੀ ਦਾ ਪਤੀ ਘਰ ਆ ਜਾਵੇ ਤਾਂ ਉਸ ਨੂੰ ਸਾਰੇ ਸੁਖ ਪ੍ਰਾਪਤ ਹੋ ਜਾਂਦੇ ਹਨ। ਭੰਵਰਾ ਜੀਵ ਦੀ ਆਤਮਾ ਨੂੰ ਕਿਹਾ ਗਿਆ ਹੈ। ਉਹ ਬਗੀਚੇ ਵਿੱਚ ਬੈਠਾ ਹੋਵੇ, ਰਾਜ ਭਾਗ ਮਾਣ ਰਿਹਾ ਹੋਵੇ ਪਰ ਉਸ ਦੇ ਅੰਦਰ ਮਾਲਿਕ ਦੇ ਮਿਲਾਪ ਦੀ ਤੜਪ ਚਾਹੀਦੀ ਹੈ। ਜਿਸ ਪਤਨੀ ਨੂੰ ਪਤੀ ਅਤੇ ਆਤਮਾ ਨੂੰ ਪਰਮਾਤਮਾ ਮਿਲ ਜਾਂਦੇ ਹਨ ਉਸ ਨੂੰ ਸਾਰੇ ਸੁੱਖ ਅੱਛੇ ਲੱਗਦੇ ਹਨ। ਜਿਸ ਦੇ ਸਿਰ ਉੱਪਰ ਪਤੀ ਨਾ ਹੋਵੇ ਜਾਂ ਪਤੀ ਦਾ, ਪਰਿਵਾਰ ਦਾ ਵਿਛੋੜਾ ਪੈ ਜਾਵੇ ਤਦ ਉਸ ਨੂੰ ਉਹ ਵਿਛੋੜਾ ਬਹੁਤ ਤੰਗ ਕਰਦਾ ਹੈ। ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਅਗਰ ਇਸਤਰੀ ਦਾ ਪਤੀ ਆ ਕੇ ਮਿਲ ਪਵੇ ਤਦ ਉਸ ਤੋਂ ਵੱਡੀ ਹੋਰ ਕੋਈ ਖੁਸ਼ੀ ਨਹੀਂ ਹੁੰਦੀ।

ਹਜ਼ੂਰ ਕਿਰਪਾ ਕਰਨ। ਚੇਤ ਦਾ ਮਹੀਨਾ ਸੋਮਵਾਰ ਦਾ ਦਿਨ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਖੁਸ਼ੀਆਂ, ਖੇੜੇ, ਇਤਿਫਾਕ ਬਖਸ਼ ਕੇ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ।

ਹੁਣ ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਮਾਝ ਰਾਗ ਵਿੱਚ ਇਸ ਮਹੀਨੇ ਬਾਰੇ ਜੋ ਭੇਦ ਬਖਸ਼ ਰਹੇ ਹਨ ਉਹ ਵੀ ਆਪਾਂ ਸਾਰੇ ਧਿਆਨ ਨਾਲ ਸਰਵਣ ਕਰਕੇ ਹਿਰਦੇ ਵਿੱਚ ਵਸਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

**ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪**

**ੴ ਸਤਿਗੁਰ ਪ੍ਰਸਾਦਿ॥**

**ਕਿਰਤਿ ਕਰਮ ਕੇ ਵੀਛੁੜੇ**

**ਕਰਿ ਕਿਰਪਾ ਮੇਲਹੁ ਰਾਮ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ ਨੇ ਬਹੁਤ ਸਰਲ ਭੇਦ ਬਖਸ਼ਿਆ ਹੈ ਕਿ ਸੱਚੇ ਪਾਤਿਸ਼ਾਹੋ! ਕੋਈ ਲੜਕੀ ਆਪਣੇ ਪਤੀ ਨਾਲ ਝਗੜ ਪੈਂਦੀ ਹੈ। ਕੋਈ ਦਹੇਜ ਦਾ ਵਾਦ ਵਿਵਾਦ ਹੁੰਦਾ ਹੈ, ਨੂੰਹ-ਸੱਸ

ਦੀ ਲੜਾਈ ਹੁੰਦੀ ਹੈ ਆਪਸ ਵਿੱਚ ਪਤੀ-ਪਤਨੀ ਦੀ ਬਨਦੀ ਨਹੀਂ ਹੈ। ਜਿਸ ਵਕਤ ਪਤੀ ਤੋਂ ਵਿਛੋੜਾ ਹੁੰਦਾ ਹੈ ਉਸ ਵਕਤ ਲੜਕੀ ਨੂੰ ਫਰਿਆਦ ਕਰਨੀ ਚਾਹੀਦੀ ਹੈ। ਇਹ ਅਸੀਂ ਗੁਰਸਿੱਖਾਂ ਲਈ ਦੱਸ ਰਹੇ ਹਾਂ ਕਿ ਫਰਿਆਦ ਕਰਨੀ ਚਾਹੀਦੀ ਹੈ ਕਿ ਸੱਚੇ ਪਾਤਿਸ਼ਾਹੋ! ਗਲਤ ਕਿਰਤ ਕਾਰਨ ਅਸੀਂ ਵਿਛੜ ਗਏ ਹਾਂ। ਹੁਣ ਕਿਰਪਾ ਕਰਕੇ ਆਪਣਾ ਮਿਲਾਪ ਬਖਸ਼ੋ। ਲੜਕੀਆਂ ਦੀ ਵੀ ਅਗਰ ਕੋਈ ਗੁੱਸਾ ਨਰਾਜ਼ਗੀ ਹੁੰਦੀ ਹੈ ਤਦ ਉਸ ਲੜਕੀ ਨੂੰ ਫਰਿਆਦ ਕਰਨੀ ਚਾਹੀਦੀ ਹੈ ਕਿ ਹਜ਼ੂਰ ਆਪਸ ਵਿੱਚ ਗੁੱਸਾ ਨਰਾਜ਼ਗੀ ਹੋਣ ਕਾਰਨ ਅਸੀਂ ਪਤੀ ਪਤਨੀ ਵਿਛੜ ਗਏ ਹਾਂ ਹੁਣ ਸਾਡਾ ਮਿਲਾਪ ਬਖਸ਼ੋ। ਕਿਉਂਕਿ ਮਿਲਾਪ ਕਰਵਾਉਣਾ ਬਹੁਤ ਔਖਾ ਹੈ। ਹੋਰ ਤੋੜਨਾ ਵਿਛੋੜਨਾ ਜਦੋਂ ਮਰਜੀ ਕਰ ਲਵੋ। ਮਾਲਿਕ ਕੋਲ ਫਰਿਆਦ ਕਰੋ ਕਿ ਸੱਚੇ ਪਾਤਿਸ਼ਾਹੋ! ਅਸੀਂ ਅੱਛੇ ਕਰਮ ਨਹੀਂ ਕੀਤੇ। ਮਾੜੇ ਕਰਮ ਕਰਨ ਕਰਕੇ ਅਸੀਂ ਤੁਹਾਡੇ ਤੋਂ ਵਿਛੜ ਗਏ ਹਾਂ। ਹੁਣ ਕਿਰਪਾ ਕਰਕੇ ਆਪਣਾ ਮਿਲਾਪ ਬਖਸ਼ੋ।

**ਚਾਰਿ ਕੁੰਟ ਦਹ ਦਿਸਿ ਭ੍ਰਮੇ**
**ਥਕਿ ਆਏ ਪ੍ਰਭ ਕੀ ਸਾਮ॥**

ਗੁਰਬਾਣੀ ਅੰਦਰ ਹਜ਼ੂਰ ਦੇ ਬਚਨ ਦਰਜ ਹਨ

*ਮੈਂ ਚਾਰੇ ਕੁੰਡਾ ਭਾਲੀਆ*
*ਤੁਧੁ ਜੇਵਡ ਨ ਸਾਈਆ॥ (ਅੰਗ 1098)*

ਸੱਚੇ ਪਾਤਿਸ਼ਾਹੋ! ਅਸੀਂ ਭਟਕ ਕੇ ਦੇਖ ਲਿਆ ਹੈ। ਸਾਰੇ ਥਾਵਾਂ ਤੇ ਜਾ ਕੇ ਦੇਖ ਲਿਆ ਹੈ। ਹੁਣ ਤੁਹਾਡੇ ਪਾਸ ਆਏ ਹਾਂ। ਹੁਣ ਸਾਡੀ ਰੱਖਿਆ ਕਰੋ। ਸਾਡੇ ਉੱਪਰ ਕਿਰਪਾ ਕਰੋ।

**ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ॥**

ਜਿਹੜੀ ਗਊ ਦੁੱਧ ਨਹੀਂ ਦਿੰਦੀ ਜਾਂ ਦੁਬਾਰਾ ਸੂੰਦੀ ਨਹੀਂ ਹੈ ਜਾਂ ਜਿਹੜੀਆਂ ਗਊਆਂ ਵੱਛੇ ਨਹੀਂ ਦਿੰਦੀਆਂ ਸਨ, ਲੋਕ ਉਹਨਾਂ ਨੂੰ ਗਊਸ਼ਾਲਾ ਭੇਜ ਦਿੰਦੇ ਸਨ। ਹੁਣ ਵੀ ਗਊਸ਼ਾਲਾਵਾਂ ਬਣਾਉਣ ਤੇ ਬਹੁਤ ਜੋਰ ਦਿੱਤਾ ਜਾ ਰਿਹਾ ਹੈ। ਅਸੀਂ ਵੀ ਸੋਚ ਰਹੇ ਸੀ ਹਜ਼ੂਰ ਉੱਦਮ ਬਖਸ਼ਣ। ਤਦ ਅਸੀਂ ਵੀ ਇਹ ਕੰਮ ਕਰੀਏ। ਜੋ ਗਊ ਦੁੱਧ ਜਾਂ ਵੱਛੀ-ਵੱਛਾ ਨਹੀਂ ਦਿੰਦੀ ਸੀ ਉਸ ਨੂੰ ਲੋਕ ਗਊਸ਼ਾਲਾ ਭੇਜ ਦਿੰਦੇ ਸੀ ਅਤੇ ਗਊਸ਼ਾਲਾ ਜਾ ਕੇ ਹੀ ਉਸ ਦਾ ਵਸੇਬਾ ਹੁੰਦਾ ਸੀ। ਜੀਵ ਨੂੰ ਬੇਨਤੀ ਕਰਨੀ ਚਾਹੀਦੀ ਹੈ ਕਿ ਹਜ਼ੂਰ ਉਸ ਗਊ ਦੀ ਤਰ੍ਹਾਂ ਸਾਡੇ ਜੀਵਨ ਵਿੱਚ ਬਾਂਝਪੁਣਾ ਨਾ ਆਵੇ। ਐਸੀ ਗੱਲ ਨਾ ਹੋਵੇ ਕਿ ਲੜਕੀ ਦੇ ਘਰ ਬੱਚਾ ਨਾ ਹੋਵੇ ਜਾਂ ਪੁਰਸ਼ ਚੋਲਿਆਂ ਨੂੰ ਹਜ਼ੂਰ ਔਲਾਦ ਨਾ ਬਖਸ਼ਣ ਜਾਂ ਗੁਰਸਿੱਖ ਐਸੇ ਨਾ ਹੋਣ ਜਿਨ੍ਹਾਂ ਦੇ ਪੀੜ੍ਹੀ ਦਰ ਪੀੜ੍ਹੀ ਬਖਸ਼ਿਸ਼ ਨਾ ਹੋਵੇ।

ਜਿਸ ਤਰ੍ਹਾਂ ਹਜ਼ੂਰ ਕਬੀਰ ਸਾਹਿਬ ਜੀ ਦਾ ਪੰਥ ਨਹੀਂ ਤੁਰਿਆ। ਕਿਉਂਕਿ ਉਹਨਾਂ ਨੇ ਅਗਾਂਹ ਕਮਾਲ ਉੱਪਰ ਸਾਰੀ ਬਖਸ਼ਿਸ਼ ਕੀਤੀ ਸੀ। ਪਰ ਕਮਾਲ ਨੇ ਬਾਦਸ਼ਾਹ ਦੇ ਦਰਬਾਰ ਵਿੱਚ ਜਾ ਕੇ ਕਰਾਮਾਤਾਂ ਦਿਖਾਈਆਂ ਤਦ ਬਾਦਸ਼ਾਹ ਨੇ ਖੁਸ਼ ਹੋ ਕੇ ਧਨ ਦੌਲਤ ਦੇ ਦਿੱਤਾ। ਕਮਾਲ ਵਾਪਸ ਆ ਕੇ ਹਜ਼ੂਰ ਕਬੀਰ ਸਾਹਿਬ ਜੀ ਨੂੰ ਕਹਿਣ ਲੱਗਾ ਕਿ ਸੱਚੇ ਪਾਤਿਸ਼ਾਹੋ! ਆਪਣੇ ਡੇਰੇ ਦਾ ਕੰਮ ਬਹੁਤ ਢਿੱਲਾ ਸੀ। ਕਰਜਾ ਚੜ੍ਹਿਆ ਹੋਇਆ ਸੀ। ਦੇਣ ਲੈਣ ਬਣਿਆ ਹੋਇਆ ਸੀ ।ਅਸੀਂ ਬਾਦਸ਼ਾਹ ਦੇ ਦਰਬਾਰ ਵਿਚ ਜਾ ਕੇ ਇੰਝ ਕੀਤਾ ਅਤੇ ਬਾਦਸ਼ਾਹ ਨੇ ਖੁਸ਼ ਹੋ ਕੇ ਖੱਚਰਾਂ, ਘੋੜੇ ਅਤੇ ਗੱਡੇ ਧਨ ਦੌਲਤ ਦੇ ਭਰ ਕੇ ਭੇਜੇ ਹਨ। ਹਜ਼ੂਰ ਨਾਲੇ ਉਹਨਾਂ ਦੇ ਯਸ਼ ਸੁਣਿਆ ਹੈ ਨਾਲੇ ਧਨ ਦੌਲਤ ਦਿੱਤਾ ਹੈ। ਤਦ ਹਜ਼ੂਰ ਕਬੀਰ ਸਾਹਿਬ ਨੇ ਫੁਰਮਾਨ ਕੀਤਾ ਕਿ

*ਬੂਡਾ ਬੰਸੁ ਕਬੀਰ ਕਾ*
*ਉਪਜਿਓ ਪੂਤੁ ਕਮਾਲੁ॥*
*ਹਰਿ ਕਾ ਸਿਮਰਨੁ ਛਾਡਿ ਕੈ*
*ਘਰਿ ਲੇ ਆਯਾ ਮਾਲੁ॥੧॥੫॥ (ਅੰਗ 1370)*

ਕਬੀਰ ਦਾ ਵੰਸ ਖਤਮ ਹੋ ਗਿਆ ਹੈ। ਅਸੀਂ ਨਾਮ ਦਾ ਯਸ਼ ਕਰਨ ਲਈ ਭੇਜਿਆ ਸੀ ਪਰ ਇਹ ਧਨ ਇਕੱਠਾ ਕਰਕੇ ਲੈ ਆਇਆ ਹੈ। ਸੋਈ ਜਿੱਥੇ ਵੀ ਗੁਰਬਾਣੀ ਦਾ ਯਸ਼ ਚਲਦਾ ਹੋਵੇਗਾ ਉੱਥੇ ਧਨ ਨਹੀਂ ਹੋਵੇਗਾ। ਜਿੱਥੇ ਧਨ ਆ ਗਿਆ ਸਮਝੋ ਉੱਥੇ ਨਾਮ ਨਹੀਂ ਹੈ। ਕਿਉਂਕਿ

*ਪੱਲੇ ਰਿਜ਼ਕ ਨਹੀ ਬੰਨ੍ਹਦੇ ਪੰਛੀ 'ਤੇ ਦਰਵੇਸ਼*
*ਜਿਹਨਾਂ ਨੂੰ ਤਕਵਾ ਰੱਬ ਤੇ ਤਿਨਹਾ ਨੂੰ ਰਿਜ਼ਕ ਹਮੇਸ਼।*

ਉਹਨਾਂ ਦਾ ਇੱਕ ਕੰਮ ਖਤਮ ਹੁੰਦਾ ਹੈ ਅਤੇ ਦੂਜਾ ਸ਼ੁਰੂ ਕਰ ਲੈਂਦੇ ਹਨ ਤਾਂ ਕਿ ਉਸ ਮਾਲਿਕ ਤੋਂ ਹਮੇਸ਼ਾਂ ਮੰਗਦੇ ਰਹਿਣ ਅਤੇ ਹਜ਼ੂਰ ਬਖਸ਼ਦੇ ਰਹਿਣ। ਇਹ ਸਾਡੀ ਰੀਤ ਹੋਵੇ। ਹਜ਼ੂਰ ਹੀ ਕਿਰਪਾ ਕਰਕੇ ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਇਹ ਜੋ ਸਰਨੇਮ, ਅੰਸ-ਬੰਸ ਚਲਦੇ ਹਨ ਜਾਂ ਪਤਨੀ ਚਾਹੇ ਕਿੰਨੀ ਵੀ ਵਿੱਦਿਆ ਪ੍ਰਾਪਤ ਕਰ ਲਵੇ ਉਸ ਦਾ ਅਸਲੀ ਸ਼ਿੰਗਾਰ ਔਲਾਦ ਹੁੰਦੀ ਹੈ। ਜਿਹੜੀ ਲੜਕੀ ਔਲਾਦ ਤੋਂ ਵਾਂਝੀ ਹੈ ਉਸ ਦਾ ਸ਼ਿੰਗਾਰ ਕਿਸੇ ਕੰਮ ਨਹੀਂ ਹੈ।

*ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ॥*

*(ਅੰਗ 134)*

ਹਜ਼ੂਰ ਕਿਰਪਾ ਕਰਕੇ ਸਾਡੀਆਂ ਸਾਰੀਆਂ ਦੁਨਿਆਵੀਂ ਲੋੜਾਂ ਪੂਰੀਆਂ ਕਰਕੇ ਸਾਨੂੰ ਸਭ ਕੁਝ ਬਖਸ਼ਣ।

**ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਸੱਚੇ ਪਾਤਿਸ਼ਾਹੋ! ਸਾਨੂੰ ਰਹਿਮਤ ਦਾ ਅੰਮ੍ਰਿਤ ਬਖਸ਼ੋ। ਜਿਸ ਤਰ੍ਹਾਂ ਫੁੱਲਾਂ ਬੂਟਿਆਂ ਨੂੰ ਵਰਖਾ ਦਾ ਜਾਂ ਉਂਝ ਪਾਣੀ ਨਹੀਂ ਮਿਲਦਾ ਤਾਂ ਉਹ ਫੁੱਲ, ਬੂਟੇ ਅਤੇ ਵੇਲਾਂ ਕੁਮਲਾ ਜਾਂਦੀਆਂ ਹਨ ਇਸ ਤਰ੍ਹਾਂ ਹਜ਼ੂਰ ਸਾਨੂੰ ਅੰਮ੍ਰਿਤ ਅਤੇ ਰਹਿਮਤ ਬਖਸ਼ਦੇ ਰਹੋ ਤਾਂ ਕਿ ਸਾਡਾ ਮਨ ਰੁੱਖਾ ਸੁੱਖਾ ਨਾ ਹੋਵੇ।

**ਹਰਿ ਨਾਹ ਨ ਮਿਲੀਐ ਸਾਜਨੈ**

**ਕਤ ਪਾਈਐ ਬਿਸਰਾਮ॥**

ਕਿਉਂਕਿ

*ਲੱਗੀ ਵਾਲੇ ਤਾਂ ਕਦੇ ਨਹੀਂ ਸੌਂਦੇ*

*ਤੇਰੀ ਕਿੱਦਾਂ ਅੱਖ ਲੱਗ ਗਈ।*

ਜਿਸ ਦਾ ਪਤੀ ਬਾਹਰ ਹੋਵੇ ਉਸ ਇਸਤ੍ਰੀ ਨੂੰ ਰਾਤ ਚੈਨ ਨਹੀਂ ਆਉਂਦਾ। ਜਿਸ ਗੁਰਸਿੱਖ ਦਾ ਮਾਲਿਕ ਨਾਲ, ਗੁਰਬਾਣੀ ਨਾਲ ਮਿਲਾਪ ਨਹੀਂ ਹੁੰਦਾ ਉਸ ਨੂੰ ਚੈਨ ਨਹੀਂ ਆਉਂਦਾ।

*ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥*

*ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥੩੦॥*

*(ਅੰਗ 1379)*

ਇਸ ਤਰ੍ਹਾਂ ਜਿਨ੍ਹਾਂ ਨੂੰ ਮਾਲਿਕ ਦਾ ਮਿਲਾਪ ਨਹੀਂ ਹੁੰਦਾ, ਉਹਨਾਂ ਨੂੰ ਰਾਤ ਨੂੰ ਚੈਨ ਨਹੀਂ ਕਿਵੇਂ ਆ ਜਾਂਦਾ ਹੈ।

**ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ**

**ਭਠਿ ਨਗਰ ਸੇ ਗ੍ਰਾਮ॥**

ਜਿਸ ਲੜਕੀ ਦੀ ਸੇਜ ਜਾਂ ਗ੍ਰਹਿ ਵਿਖੇ ਪਤੀ ਨਹੀਂ ਆਉਂਦਾ ਉਸ ਨੂੰ ਉਹ ਸੇਜਾਂ ਉਹ ਮਹੱਲ ਭੱਠੇ ਵਾਂਗ ਸੜਦੇ ਨਜਰ ਆਉਂਦੇ ਹਨ।

**ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ॥**

ਉਸ ਦੇ ਕੱਪੜੇ, ਲਿਬਾਸ, ਗਹਿਣੇ ਅਧੂਰੇ ਅਤੇ ਬੇਕਾਰ ਨਜਰ ਆਉਂਦੇ ਹਨ ਫਿੱਕੇ ਨਜਰ ਆਉਂਦੇ ਹਨ ਜਿਸ ਦੇ ਪਾਸ ਉਸ ਦਾ ਪਤੀ ਨਹੀਂ ਆਉਂਦਾ।

**ਪ੍ਰਭ ਸੁਆਮੀ ਕੰਤ ਵਿਹੂਣੀਆ**

**ਮੀਤ ਸਜਣ ਸਭਿ ਜਾਮ॥**

ਜਿਨ੍ਹਾਂ ਦੇ ਸਿਰ ਉੱਪਰ ਸੁਆਮੀ ਦਾ ਆਸਰਾ ਨਹੀਂ ਰਹਿੰਦਾ ਉਸ ਦੇ ਮਿੱਤਰ ਵੀ ਉਸ ਨੂੰ ਮਿਲਣਾ ਬੰਦ ਕਰ ਦਿੰਦੇ ਹਨ ਕਿਉਂਕਿ ਲੋਕ ਕਹਿੰਦੇ ਹਨ ਕਿ ਇਹ ਕਿਸ ਨੂੰ ਮਿਲਣ ਚੱਲਿਆ ਹੈ। ਪਤੀ ਨੂੰ ਪਤਨੀ ਦਾ ਅਤੇ ਪਤਨੀ ਨੂੰ ਪਤੀ ਦਾ ਸਤਿਕਾਰ ਕਰਨਾ ਚਾਹੀਦਾ ਹੈ। ਭਾਗਾਂ ਵਾਲੀਆਂ ਜੋੜੀਆਂ ਹੁੰਦੀਆਂ ਹਨ ਜੋ ਪਤੀ ਪਤਨੀ ਆਪਸ ਵਿੱਚ ਮਿਲਦੇ ਰਹਿੰਦੇ ਹਨ ਅਤੇ ਇਕੱਠੇ ਰਹਿੰਦੇ ਹਨ। ਜਦੋਂ ਪਤੀ ਦਾ ਵਿਛੋੜਾ ਹੋ ਜਾਂਦਾ ਹੈ ਦੋਸਤ ਮਿੱਤਰ ਵੀ ਸਾਥ ਛੱਡ ਜਾਂਦੇ ਹਨ। ਐਸੀ ਹਾਲਤ ਉਦੋਂ ਬਣਦੀ ਹੈ ਜਦੋਂ ਜੀਵ ਮਾਲਿਕ ਤੋਂ ਬੇਮੁੱਖ ਹੁੰਦਾ ਹੈ।

**ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ॥**

ਇਸ ਕਰਕੇ ਉਸ ਮਾਲਿਕ ਅੱਗੇ ਫਰਿਆਦਾਂ ਅਤੇ ਬੇਨਤੀਆਂ ਕਰੋ ਕਿ ਹਜ਼ੂਰ ਕਿਰਪਾ ਕਰਕੇ ਮੈਨੂੰ ਨਾਮ ਦਾ ਦਾਨ ਬਖਸ਼ੋ।

**ਹਰਿ ਮੇਲਹੁ ਸੁਆਮੀ ਸੰਗਿ ਪ੍ਰਭ**

**ਜਿਸ ਕਾ ਨਿਹਚਲ ਧਾਮ॥੧॥**

ਸੁਆਮੀ ਤੋਂ ਭਾਵ ਹੈ ਸਭ ਤੋਂ ਉੱਚੀ ਸੁੱਚੀ ਤਾਕਤ। ਸੁਆਮੀ ਸਿਰ ਦੇ ਤਾਜ ਨੂੰ ਕਹਿੰਦੇ ਹਨ। ਸੁਆਮੀ ਉਸ ਮਾਲਿਕ ਨੂੰ ਕਹਿੰਦੇ ਹਨ।

*ਊਚ ਅਪਾਰ ਬੇਅੰਤ ਸੁਆਮੀ ਕਉਣੁ ਜਾਣੈ ਗੁਣ ਤੇਰੇ॥*

*(ਅੰਗ 802)*

ਸੱਚੇ ਪਾਤਿਸ਼ਾਹੋ! ਸਾਨੂੰ ਉਸ ਤਾਕਤ ਦਾ ਮਿਲਾਪ ਕਰਾਉ ਜਿਸ ਦਾ ਦਰਬਾਰ ਸਭ ਤੋਂ ਉੱਚਾ ਅਤੇ ਸੁੱਚਾ ਹੈ।

**ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥**

ਹਜ਼ੂਰ ਪੰਜਵੇਂ ਪਾਤਿਸ਼ਾਹ ਫੁਰਮਾਨ ਕਰ ਰਹੇ ਹਨ ਕਿ ਜਿਹੜੇ ਪ੍ਰਾਣੀ ਚੇਤ ਦੇ ਮਹੀਨੇ ਵਿੱਚ ਸਿਮਰਨ ਕਰਨਗੇ ਉਹਨਾਂ ਨੂੰ ਬਹੁਤ ਖੁਸ਼ੀਆਂ ਖੇੜੇ ਅਤੇ ਅਨੰਦ ਪ੍ਰਾਪਤ ਹੋਵੇਗਾ।

**ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥**

ਅਗਰ ਸੰਤਾਂ ਦੀ ਜੁਬਾਨ ਤੋਂ ਇਹ ਬਚਨ, ਪਾਠ, ਸਤਿਸੰਗ, ਕੀਰਤ ਸੁਣੋ ਫੇਰ

*ਸੋਨੇ 'ਤੇ ਸੁਹਾਗਾ।*

ਵਾਲੀ ਗੱਲ ਹੋਵੇਗੀ ਅਤੇ ਹੋਰ ਵੀ ਵੱਧ ਖੁਸ਼ੀਆਂ ਪ੍ਰਾਪਤ ਹੋਣਗੀਆਂ।

**ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ॥**

ਜਿਨ੍ਹਾਂ ਨੂੰ ਆਪਣੇ ਸਤਿਗੁਰ ਮਿਲ ਜਾਂਦੇ ਹਨ ਉਹਨਾਂ ਦੀ ਹਾਜਰੀ ਅਤੇ ਗਿਣਤੀ ਮਾਲਿਕ ਦੇ ਦਰਬਾਰ ਵਿੱਚ ਲੱਗ

ਜਾਂਦੀ ਹੈ।

**ਇਕੁ ਖਿਨੁ ਤਿਸੁ ਬਿਨੁ ਜੀਵਣਾ**

**ਬਿਰਥਾ ਜਨਮੁ ਜਣਾ॥**

*ਇਕ ਘੜੀ ਨ ਮਿਲਤੇ*

*ਤਾ ਕਲਿਜੁਗੁ ਹੋਤਾ॥*

*ਹੁਣਿ ਕਦਿ ਮਿਲੀਐ*

*ਪ੍ਰਿਅ ਤੁਧੁ ਭਗਵੰਤਾ॥*

*ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ*

*ਬਿਨੁ ਦੇਖੇ ਗੁਰ ਦਰਬਾਰੇ ਜੀਉ॥੩॥*

*ਹਉ ਘੋਲੀ ਜੀਉ ਘੋਲਿ ਘੁਮਾਈ*

*ਤਿਸੁ ਸਚੇ ਗੁਰ ਦਰਬਾਰੇ ਜੀਉ॥੧॥ (ਅੰਗ 96)*

ਫੇਰ ਉਹਨਾਂ ਨੂੰ ਆਪਣੇ ਸਤਿਗੁਰ ਦੇ ਦਰਸ਼ਨਾਂ ਤੋਂ ਬਗੈਰ ਇੱਕ ਸਕਿੰਟ ਵੀ ਚੈਨ ਨਹੀਂ ਆਉਂਦਾ।

**ਜਲਿ ਥਲਿ ਮਹੀਅਲ ਪੂਰਿਆ**

**ਰਵਿਆ ਵਿਚਿ ਵਣਾ॥**

ਚਾਹੇ ਉਹ ਤਾਕਤ ਹਰ ਜਗ੍ਹਾ ਜਲ, ਥਲ, ਧਰਤੀ ਅਤੇ ਅਕਾਸ਼ ਵਿੱਚ ਬਿਰਾਜਮਾਨ ਹੈ। ਪਰ ਫੇਰ ਵੀ ਗੁਰਸਿੱਖ ਜਦੋਂ ਤੱਕ ਮਾਲਿਕ ਦੇ ਦਰਸ਼ਨ ਨਹੀਂ ਕਰ ਲੈਂਦੇ ਉਹਨਾਂ ਨੂੰ ਚੈਨ ਨਹੀਂ ਆਉਂਦਾ।

**ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥**

ਜਿਹੜੇ ਜੀਵਾਂ ਨੂੰ ਉਹ ਮਾਲਿਕ ਚੇਤੇ ਨਹੀਂ ਆਉਂਦੇ ਉਹਨਾਂ ਲਈ ਇਸ ਤੋਂ ਵੱਡਾ ਦੁੱਖ ਹੋਰ ਕੀ ਹੋ ਸਕਦਾ ਹੈ।

**ਜਿਨੀ ਰਾਵਿਆ ਸੋ ਪ੍ਰਭੁ ਤਿੰਨਾ ਭਾਗੁ ਮਣਾ॥**

ਜਿਹੜੇ ਜੀਵ ਗੁਰਬਾਣੀ ਨਾਲ ਜੁੜਦੇ ਹਨ, ਸੰਤਾਂ ਦੇ ਬਚਨ ਮੰਨ ਕੇ ਅਮਲ ਕਰਦੇ ਹਨ ਉਹ ਵੱਡੇ ਭਾਗਾਂ ਵਾਲੇ ਹਨ।

**ਹਰਿ ਦਰਸਨੁ ਕੰਉ ਮਨੁ ਲੋਚਦਾ**

**ਨਾਨਕ ਪਿਆਸ ਮਨਾ॥**

ਸੱਚੇ ਪਾਤਿਸ਼ਾਹੋ! ਮੈਨੂੰ ਤੁਹਾਡੇ ਦਰਸ਼ਨਾਂ ਦੀ ਪਿਆਸ ਲੱਗੀ ਹੋਈ ਹੈ। ਇਸ ਕਰਕੇ ਮੈਨੂੰ ਆਪਣੇ ਦਰਸ਼ਨ ਬਖਸ਼ੋ।

**ਚੇਤਿ ਮਿਲਾਏ ਸੋ ਪ੍ਰਭੁ ਤਿਸ ਕੈ ਪਾਇ ਲਗਾ॥੨॥**

ਜਿਹੜੇ ਵੀ ਸਾਧੂ ਸੰਤ ਮੈਨੂੰ ਉਸ ਮਾਲਿਕ ਦਾ ਮਿਲਾਪ ਕਰਵਾ ਦੇਣ ਮੈਂ ਉਹਨਾਂ ਦੇ ਚਰਨਾਂ 'ਤੇ ਨਮਸਕਾਰ ਅਤੇ ਡੰਡਾਉਤ ਕਰਨ ਲਈ ਤਿਆਰ ਹਾਂ। ਹਜ਼ੂਰ ਪੰਜਵੇਂ ਪਾਤਿਸ਼ਾਹ ਐਸਾ ਰਾਜ ਅਤੇ ਭੇਦ ਬਖਸ਼ ਰਹੇ ਹਨ ਕਿ ਇਸ ਮਹੀਨੇ ਵਿੱਚ ਸਿਮਰਨ ਕਰਨ ਨਾਲ ਖੁਸ਼ੀਆਂ ਖੇੜੇ ਮਿਲਦੇ ਹਨ। ਇਸ ਕਰਕੇ ਆਪਾਂ ਸਾਰੇ ਪ੍ਰਣ ਕਰੀਏ ਕਿ ਇਸ ਮਹੀਨੇ ਵਿੱਚ ਸਵੇਰੇ ਜਾਂ ਸ਼ਾਮ ਜਦੋਂ ਵੀ ਸਮਾਂ ਮਿਲੇ, ਦਾਅ ਲੱਗੇ, ਮਾਲਿਕ ਦਾ ਸਿਮਰਨ ਕਰਾਂਗੇ ਅਤੇ ਅਨੰਦ ਦੀ ਪ੍ਰਾਪਤੀ ਕਰਾਂਗੇ।

ਸੋਈ ਚੇਤ ਦਾ ਮਹੀਨਾ ਸੋਮਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁੱਖ ਸ਼ਾਂਤੀ ਖੇੜੇ ਇਤਿਫਾਕ ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ ਅਤੇ ਨਾਮ ਦੀ ਦਾਤ ਬਖਸ਼ ਕੇ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ।

ਜੋ ਸੰਗਤ ਦੇਸ਼ ਵਿਦੇਸ਼ ਵਿੱਚ ਹੋਣ ਕਰਕੇ ਨਹੀਂ ਆ ਸਕੀ ਹਜ਼ੂਰ ਉਹਨਾਂ ਦੀਆਂ ਵੀ ਹਾਜ਼ਰੀਆਂ ਕਬੂਲ ਕਰਕੇ ਖੁਸ਼ੀਆਂ ਖੇੜੇ ਬਖਸ਼ਣ। ਦੁਬਾਰਾ ਸਾਰੀ ਸੰਗਤ ਨੂੰ ਨਵੇਂ ਸਾਲ ਦੀ ਲੱਖ-ਲੱਖ ਵਧਾਈ ਹੋਵੇ।

*ਪ੍ਰਿੰਟਰ, ਪਬਲਿਸ਼ਰ ਅਤੇ ਮਾਲਕ **ਬਾਬਾ ਕਸ਼ਮੀਰਾ ਸਿੰਘ** ਨੇ ਕਪੂਰ ਲੇਜ਼ਰ ਗ੍ਰਾਫਿਕਸ ਤੋਂ ਟਾਈਪ ਸੈਟਿੰਗ ਕਰਵਾ ਕੇ ਬ੍ਰਾਇਟ ਪ੍ਰਿੰਟਰਜ਼, ਜਲੰਧਰ ਤੋਂ ਛਪਵਾ ਕੇ ਐੱਸ. ਜੀ. ਐੱਲ. ਜਨ ਸੇਵਾ ਕੇਂਦਰ, ਗੜ੍ਹਾ, ਜਲੰਧਰ-144022 ਤੋਂ ਪ੍ਰਕਾਸ਼ਿਤ ਕੀਤਾ।*

ਫੋਨ : 0181-2481500, 0181-2999777

www.sglchhosp.org

*ਐਡੀਟਰ* : ਮਹਿੰਦਰ ਸਿੰਘ ਪਰਵਾਨਾ ਜਿਲਦ-੨੪ ਅੰਕ 1 ਮਾਰਚ : ੨੦੧੧ ਕੀਮਤ : 6 ਰੁਪੈ

# ਨਾਨਕਸ਼ਾਹੀ ਸੰਮਤ 543 (ਮੁਤਾਬਿਕ 2011-12 ਈਸਵੀ) ਦੇ ਦਿਨ ਤਿਉਹਾਰ ਅਤੇ ਗੁਰਪੁਰਬ

| | ਵੇਰਵਾ | ਦੇਸੀ ਤਰੀਕ | ਅੰਗਰੇਜ਼ੀ ਤਰੀਕ | ਦਿਨ | ਸੰਗਰਾਂਦ ਮਿਤੀ | ਦਿਨ |
|---|---|---|---|---|---|---|
| 80ਵਾਂ | ਸ਼ਹੀਦੀ ਦਿਹਾੜਾ ਸ਼ਹੀਦ ਭਗਤ ਸਿੰਘ | | 23 ਮਾਰਚ 11 | ਬੁੱਧਵਾਰ | 14 ਮਾਰਚ 11 | ਸੋਮਵਾਰ |
| | ਰਾਮ ਨਉਮੀ | | 12 ਅਪ੍ਰੈਲ 11 | ਮੰਗਲਵਾਰ | — | — |
| 507ਵਾਂ | ਅਵਤਾਰ ਦਿਵਸ ਪਾ: ਦੂਜੀ | 5 ਵੈਸਾਖ | 18 ਅਪ੍ਰੈਲ 11 | ਸੋਮਵਾਰ | 14 ਅਪ੍ਰੈਲ 11 | ਵੀਰਵਾਰ |
| 390ਵਾਂ | ਅਵਤਾਰ ਦਿਵਸ ਪਾ: ਨੌਵੀਂ | 5 ਵੈਸਾਖ | 18 ਅਪ੍ਰੈਲ 11 | ਸੋਮਵਾਰ | — | — |
| | ਜਨਮ ਭਗਤ ਧੰਨਾ ਜੀ | 8 ਵੈਸਾਖ | 21 ਅਪ੍ਰੈਲ 11 | ਵੀਰਵਾਰ | | |
| 448ਵਾਂ | ਅਵਤਾਰ ਦਿਵਸ ਪਾ: ਪੰਜਵੀਂ | 19 ਵੈਸਾਖ | 2 ਮਈ 11 | ਸੋਮਵਾਰ | 15 ਮਈ 11 | ਐਤਵਾਰ |
| 147ਵਾਂ | ਅਵਤਾਰ ਦਿਵਸ ਬਾਬਾ ਬੱਗਾ ਸਿੰਘ ਜੀ | 4 ਜੇਠ | 18 ਮਈ 11 | ਬੁੱਧਵਾਰ | — | — |
| 532ਵਾਂ | ਅਵਤਾਰ ਦਿਵਸ ਪਾ: ਤੀਜੀ | 9 ਜੇਠ | 23 ਮਈ 11 | ਸੋਮਵਾਰ | — | — |
| 405ਵਾਂ | ਸ਼ਹੀਦੀ ਦਿਵਸ ਪਾ: ਪੰਜਵੀਂ | 22 ਜੇਠ | 5 ਜੂਨ 11 | ਐਤਵਾਰ | — | — |
| 556ਵਾਂ | ਅਵਤਾਰ ਦਿਵਸ ਸੰਤ ਕਬੀਰ ਜੀ | 1 ਹਾੜ | 15 ਜੂਨ 11 | ਬੁੱਧਵਾਰ | 15 ਜੂਨ 11 | ਬੁੱਧਵਾਰ |
| 416ਵਾਂ | ਅਵਤਾਰ ਦਿਵਸ ਪਾ: ਛੇਵੀਂ | 21 ਹਾੜ | 5 ਜੁਲਾਈ 11 | ਮੰਗਲਵਾਰ | 16 ਜੁਲਾਈ 11 | ਸ਼ਨੀਵਾਰ |
| 355ਵਾਂ | ਅਵਤਾਰ ਦਿਵਸ ਪਾ: ਅੱਠਵੀਂ | 8 ਸਾਵਣ | 23 ਜੁਲਾਈ 11 | ਸ਼ਨੀਵਾਰ | — | — |
| 71ਵਾਂ | ਸ਼ਹੀਦੀ ਦਿਹਾੜਾ ਸ਼ਹੀਦ ਊਧਮ ਸਿੰਘ, ਸੁਨਾਮ | 16 ਸਾਵਣ | 31 ਜੁਲਾਈ 11 | ਐਤਵਾਰ | — | — |
| 12ਵਾਂ | ਯੂਨੀਵਰਸਲ ਐਮਿਟੀ ਡੇ Universal Amity Day | 22 ਸਾਵਣ | 6 ਅਗਸਤ 11 | ਸ਼ਨੀਵਾਰ | — | — |
| 193ਵਾਂ | ਅਵਤਾਰ ਦਿਵਸ ਸੁਆਮੀ ਸ਼ਿਵਦਿਆਲ ਜੀ (ਆਗਰੇ ਵਾਲੇ) | 1 ਭਾਦੋਂ | 17 ਅਗਸਤ 11 | ਬੁੱਧਵਾਰ | 17 ਅਗਸਤ 11 | ਬੁੱਧਵਾਰ |
| | ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ | 6 ਭਾਦੋਂ | 22 ਅਗਸਤ 11 | ਸੋਮਵਾਰ | — | — |
| 407ਵਾਂ | ਪਹਿਲਾ ਪ੍ਰਕਾਸ਼ ਉਤਸਵ ਸ਼੍ਰੀ ਗੁਰੂ-ਗ੍ਰੰਥ ਸਾਹਿਬ ਜੀ | 16 ਭਾਦੋਂ | 1 ਸਤੰਬਰ 11 | ਵੀਰਵਾਰ | — | — |
| 88ਵਾਂ | ਅਵਤਾਰ ਦਿਵਸ ਸੁਆਮੀ ਗੁਰਬਚਨ ਲਾਲ ਜੀ | 27 ਭਾਦੋਂ | 12 ਸਤੰਬਰ 11 | ਸੋਮਵਾਰ | 17 ਸਤੰਬਰ 11 | ਸ਼ਨੀਵਾਰ |
| 121ਵਾਂ | ਅਵਤਾਰ ਦਿਵਸ ਬਾਬਾ ਦੇਵਾ ਸਿੰਘ ਜੀ | | | | | |
| 477ਵਾਂ | ਅਵਤਾਰ ਦਿਵਸ ਪਾ: ਚੌਥੀ | 23 ਅਸੂ | 9 ਅਕਤੂਬਰ 11 | ਐਤਵਾਰ | 17 ਅਕਤੂਬਰ 11 | ਸੋਮਵਾਰ |
| | ਦੀਵਾਲੀ (ਬੰਦੀ ਛੋੜ ਦਿਵਸ) | 10 ਕੱਤਕ | 26 ਅਕਤੂਬਰ 11 | ਬੁੱਧਵਾਰ | — | — |
| | ਅਵਤਾਰ ਦਿਵਸ ਭਗਵਾਨ ਵਿਸ਼ਕਰਮਾ ਜੀ | 11 ਕੱਤਕ | 27 ਅਕਤੂਬਰ 11 | ਵੀਰਵਾਰ | — | — |
| 542ਵਾਂ | ਅਵਤਾਰ ਦਿਵਸ ਪਾ: ਪਹਿਲੀ | 25 ਕੱਤਕ | 10 ਨਵੰਬਰ 11 | ਵੀਰਵਾਰ | — | — |
| 96ਵਾਂ | ਸ਼ਹੀਦੀ ਦਿਹਾੜਾ ਸ਼ਹੀਦ ਕਰਤਾਰ ਸਿੰਘ ਸਰਾਭਾ | | 16 ਨਵੰਬਰ 11 | ਬੁੱਧਵਾਰ | 16 ਨਵੰਬਰ 11 | ਬੁੱਧਵਾਰ |
| 741ਵਾਂ | ਅਵਤਾਰ ਦਿਵਸ ਸੰਤ ਨਾਮ ਦੇਵ ਜੀ | 6 ਮੱਘਰ | 21 ਨਵੰਬਰ 11 | ਸੋਮਵਾਰ | — | — |
| 336ਵਾਂ | ਸ਼ਹੀਦੀ ਦਿਵਸ ਪਾ: ਨੌਂਵੀਂ | 9 ਮੱਘਰ | 24 ਨਵੰਬਰ 11 | ਵੀਰਵਾਰ | — | — |
| | ਅਵਤਾਰ ਦਿਵਸ ਸੰਤ ਸੈਣ ਜੀ | 25 ਮੱਘਰ | 10 ਦਸੰਬਰ 11 | ਸ਼ਨੀਵਾਰ | 16 ਦਸੰਬਰ 11 | ਸ਼ੁੱਕਰਵਾਰ |
| 84ਵਾਂ | ਸ਼ਹੀਦੀ ਦਿਹਾੜਾ ਸ਼ਹੀਦ ਅਸ਼ਫਾਕ ਉੱਲਾ | | 19 ਦਸੰਬਰ 11 | ਸੋਮਵਾਰ | — | — |
| 346ਵਾਂ | ਅਵਤਾਰ ਦਿਵਸ ਪਾ: ਦਸਵੀਂ | 16 ਪੋਹ | 31 ਦਸੰਬਰ 11 | ਸ਼ਨੀਵਾਰ | 14 ਜਨਵਰੀ 12 | ਸ਼ਨੀਵਾਰ |
| 382ਵਾਂ | ਅਵਤਾਰ ਦਿਵਸ ਪਾ: ਸੱਤਵੀਂ | 18 ਮਾਘ | 31 ਜਨਵਰੀ 12 | ਮੰਗਲਵਾਰ | — | — |
| 635ਵਾਂ | ਅਵਤਾਰ ਦਿਵਸ ਗੁਰੂ ਰਵਿਦਾਸ ਜੀ | 25 ਮਾਘ | 7 ਫਰਵਰੀ 12 | ਮੰਗਲਵਾਰ | 13 ਫਰਵਰੀ 12 | ਸੋਮਵਾਰ |
| | ਹੋਲਾ ਮਹਲਾ | 26 ਫੱਗਣ | 9 ਮਾਰਚ 12 | ਸ਼ੁੱਕਰਵਾਰ | — | — |